# ਸਾਂਝੀ ਵਿਰਾਸਤ

ਜਿਲਦ 1 ਅੰਕ 6

2022

ਹਾੜ (ਜੂਨ)



## ਪੰਜਾਬੀ ਭਾਸ਼ਾ, ਸਭਿਆਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of

the Panjabi Language, Culture and Heritage

## ਇਸ ਅੰਕ ਵਿਚ


| | | | |
|---|---|---|---|
| 1. | ਤਤਕਰਾ | | |
| 2. | ਸੰਪਾਦਕੀ ਮੰਡਲ | | |
| 3. | ਸੰਪਾਦਕੀ ਨੋਟ | ਮੁਖ ਸੰਪਾਦਕ | 1 |
| 4. | ਹਾੜ੍ਹ ਮਹੀਨੇ ਦਾ ਪਾਠ ਅਤੇ ਕਾਵਿ-ਵਿਆਖਿਆ | ਕਰਮਜੀਤ ਸਿੰਘ ਨੂਰ | 2 |
| 5. | ਧੀ ਵਲੋਂ ਦਰਦਾਂ ਭਰਿਆ ਗੀਤ | ਗੁਰਦੀਸ਼ ਕੌਰ ਗਰੇਵਾਲ | 4 |
| 6. | ਹਰ ਹੰਝੂ ਦੀ ਵੀ ਵਖ ਕਹਾਣੀ ਹੁੰਦੀ ਹੈ! | ਹਰਸ਼ਿੰਦਰ ਕੌਰ | 5 |
| 7. | ਪ੍ਰੋਫੈਸਰ ਸੁਖਮੰਦਰ ਸਿੰਘ ਨੂੰ ਸਨਮਾਨ | | 7 |
| 8. | ਲਾਸਾਨੀ ਸ਼ਹਾਦਤ - ਸ੍ਰੀ ਗੁਰੂ ਅਰਜਨ ਦੇਵ ਜੀ | ਅਮ੍ਰਿਤਪਾਲ ਕੌਰ ਖਾਲਸਾ | 8 |
| 9. | ਸੇਵਾ | ਪ੍ਰੋਮੀਲਾ ਨਰੂਲਾ | 10 |
| 10. | ਅਸਲੀ ਸੁੰਦਰਤਾ | ਗੁਰਦੀਸ਼ ਕੌਰ ਗਰੇਵਾਲ | 11 |
| 11. | ਸ਼ਬਦ ਵਿਚਾਰ | ਆਸਮਾ ਕਾਦਰੀ | 12 |
| 12. | (ਮਿਨੀ ਕਹਾਣੀ) ਸੰਤਾਂ ਦੇ ਹਲ਼ | ਬਲਦੇਵ ਸਿੰਘ ਖਹਿਰਾ | 13 |
| 13. | ਦੁੱਖਾਂ ਦੀ ਜੜ੍ਹ - "ਦੂਜਾ- ਭਾਉ" | ਉਂਕਾਰ ਸਿੰਘ ਟਿਵਾਣਾ | 14 |
| 14. | ਅਦੁਤੀ ਜਰਨੈਲ ਸਰਦਾਰ ਬਘੇਲ਼ ਸਿੰਘ | ਦਲਵਿੰਦਰ ਸਿੰਘ ਗ੍ਰੇਵਾਲ | 15 |
| 15. | ਭਗਤ ਪੂਰਨ ਸਿੰਘ ਜੀ | ਸੁਰਜੀਤ ਸਿੰਘ ਭੱਟੀ | 17 |
| 16. | ਦੋ ਕਿਰਤੀਆਂ ਦੀ ਕਹਾਣੀ | ਰਿਪਨਜੋਤ ਕੌਰ ਸੋਨੀ ਬੱਗਾ | 19 |
| 17. | ਜ਼ਿੰਦਗੀ ਦਾ ਅਧਾਰ (ਰਿਸ਼ਤੇ) | ਰਾਜਵਿੰਦਰ ਕੌਰ ਵੜਿੰਗ | 20 |
| 18. | ਧੰਨ ਗੁਰੂ ਅਰਜਨ ਸਾਹਿਬ | ਸੁਰਜੀਤ ਸਿੰਘ ਭੱਟੀ | 21 |
| 19. | ਸਿੱਖੀ ਵਿੱਚ ਮਨਮੱਤਾਂ | ਕਾਬਲ ਸਿੰਘ ਤੇ ਬਲਦੇਵ ਸਿੰਘ | 22 |
| 20. | ਪਥਰਾਏ ਹੰਝੂ ਤੇ ਚਾਬੀਆਂ ਦਾ ਗੁੱਛਾ | ਬਲਦੇਵ ਸਿੰਘ | 24 |
| 21 | ਜੂਨ (ਹਾੜ) ਦਾ ਮਹੀਨਾ | ਰੂਬੀਨਾ ਸਿੰਘ | 26 |
| 22 | ਈ-ਦੀਵਾਨ ਕੈਲਗਰੀ ਕੀਰਤਨ | | 27 |
| 23. | ਈ-ਦੀਵਾਨ ਵਲੋਂ ਅੰਤਰਰਾਸ਼ਟ੍ਰੀ ਕਵੀ ਦਰਬਾਰ | 23 ਅਪਰੈਲ 2022 | 28 |
| 24. | ਖਾਲਸਾ ਸਾਜਣਾ ਦਿਵਸ ਤੇ ਕਵੀ ਦਰਬਾਰ ਦਾ ਪ੍ਰੈਸ ਨੋਟ | ਗੁਰਦੀਸ਼ ਕੌਰ ਗਰੇਵਾਲ | 29 |
| 25 | ਜੂਨ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | | 30 |
| 26 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | | 33-34 |

# ਸੰਪਾਦਕੀ ਮੰਡਲ

# Editorial Board

| | | |
|---|---|---|
| 1. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. | ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. | ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸ. ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸ. ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਕੈਲਗਰੀ (ਕੈਨੇਡਾ) |
| 9. | ਡਾ. ਰਾਜਬੀਰ ਸਿੰਘ ਭੱਟੀ | ਕੈਲਗਰੀ (ਕੈਨੇਡਾ) |
| 10. | ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

**ਸਲਾਹਕਾਰ:**

| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| **5.** | ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| **6.** | ਸ. ਯੁਵਰਾਜ ਸਿੰਘ | ਕੈਲਗਰੀ (ਕੈਨੇਡਾ) |

## ਸੰਪਾਦਕੀ ਨੋਟ

ਜੂਨ ਦੇ ਮਹੀਨੇ ਵਿਚ ਕੁਝ ਮਹੱਤਵਪੂਣ ਦਿਨ ਸੰਸਾਰ ਭਰ ਵਿਚ ਅਲਗ ਅਲਗ ਤਰੀਕਿਆਂ ਨਾਲ ਮਨਾਏ ਜਾਂਦੇ ਹਨ। ਇਨ੍ਹਾਂ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦੀ ਧਾਰਮਿਕ ਅਜ਼ਾਦੀ ਲਈ (3 ਜੂਨ ਨੂੰ) ਅਦੁਤੀ ਸ਼ਹਾਦਤ ਅਤੇ ਛੇਵੀਂ ਜੋਤਿ ਗੁਰੂ ਹਰ ਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਵਸ (15 ਜੂਨ, ਹਾੜ ਦੇ ਮਹੀਨੇ ਦਾ ਪਹਿਲਾ ਦਿਨ) ਪ੍ਰਮੁਖ ਹਨ। ਇਸ ਤੋਂ ਇਲਾਵਾ, ਸ੍ਰੀ ਅਕਾਲ ਤਖਤ ਸਾਹਿਬ  ਅਮ੍ਰਿਤਸਰ ਉਤੇ (6 ਜੂਨ ਦੇ) ਹੋਏ ਦੁਖਦਾਈ ਹਮਲੇ (ਸਾਕਾ ਨੀਲਾ ਤਾਰਾ) ਦੀ ਯਾਦ ਵੀ ਤਾਜ਼ਾ ਹੁੰਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਇਸ ਮਹੀਨੇ (25 ਜੂਨ ਵਾਲੇ ਦਿਨ) ਸ਼ਹੀਦ ਹੋਏ ਸਨ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਉਨ੍ਹਾਂ ਦੀ ਬਰਸੀ ਤੇ (29 ਜੂਨ ਨੂੰ) ਯਾਦ ਕੀਤਾ ਜਾਂਦਾ ਹੈ।

ਇਸ ਮਹੀਨੇ ਵਿਚ ਜਿਹੜੇ ਅੰਤਰ-ਰਾਸ਼ਟ੍ਰੀ ਦਿਨ ਮਨਾਏ ਜਾਂਦੇ ਹਨ ਉਨ੍ਹਾਂ ਵਿਚ 'ਵਾਤਾਵਰਣ ਸੁਰੱਖਿਆ' ਅਤੇ 'ਬਚਿੱਆਂ ਦੇ ਮਨੁੱਖੀ ਅਧਿਕਾਰਾਂ' ਦਾ ਜ਼ਿਕਰ ਜ਼ਰੂਰੀ ਹੈ। ਪਰਿਵਾਰ ਅਤੇ ਸਮਾਜ ਵਿਚ ਪਿਤਾ ਦੇ ਰੋਲ ਬਾਰੇ ਯਾਦ ਕਰਵਾਏ ਜਾਣ ਵਾਲਾ ਦਿਨ ਵੀ ਇਸੇ ਮਹੀਨੇ ਦੇ ਤੀਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਕੈਲਗਰੀ ਵਿਚ 6 ਤੋਂ 12 ਜੂਨ ਤਕ 'ਬਜ਼ੁਰਗਾਂ ਦਾ ਹਫਤਾ' ਮਨਾਇਆ ਗਿਆ। ਬੜੇ ਮਾਣ ਦੀ ਗਲ ਹੈ ਕਿ ਕਮਾਂਡਰ ਮਨਜੀਤ ਸਿੰਘ ਘਟਾਓਰਾ ਅਤੇ ਕੈਪਟਨ ਹਰਪ੍ਰੀਤ ਕੌਰ ਚੰਦੀ ਨੂੰ ਬ੍ਰਿਟੇਨ ਦੀ ਮਹਾਰਾਣੀ ਵਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਇਸ ਅੰਕ ਵਿਚ ਈ-ਦੀਵਾਨ ਕੈਲਗਰੀ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਏ ਗਏ ਇੰਟਰ-ਨੈਸ਼ਨਲ ਕਵੀ ਦਰਬਾਰ ਦੀ ਰਿਪੋਰਟ ਵੀ ਦਿੱਤੀ ਗਈ ਹੈ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ (ਅਗਲੇ ਅੰਕਾਂ ਲਈ) ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜ ਦੇਣ। ਕਿਸੇ ਧਰਮ, ਸੰਸਥਾਂ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਇਅਕਤੀ ਬਾਰੇ ਜ਼ਿਕਰ ਜਾਂ ਕੋਈ ਲਿਖਤ ਪਰਵਾਨ ਹੋਵੇਗੀ। ਲਿਖਤਾਂ ਵੈਬਸਾਈਟ ਤੇ ਦਿੱਤੇ ਇੰਨ੍ਹਾਂ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਅੰਤਲੇ ਪੰਨੇ ਤੇ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (sanjhivirasat.org) ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਮੈਗਜ਼ੀਨ ਲਈ ਰਚਨਾ ਵੱਧ ਤੋਂ ਵੱਧ ਦੋ ਪਨਿੰਆਂ ਤਕ ਹੋਵੇ। ਇਸ ਤੋਂ ਲੰਬੇ ਲੇਖ ਵੈਬਸਾਈਟ ਦੇ 'ਬਲਾਗ' ਉਤੇ ਪਾਏ ਜਾ ਸਕਦੇ ਹਨ। ਲੇਖਕ (ਜੇ ਚਾਹੁਣ ਤਾਂ) ਆਪਣੀ ਫੋਟੋ, ਆਪਣਾ ਪਤਾ (ਈ-ਮੇਲ, ਵੱਟਸਐਪ ਜਾਂ ਫੋਨ ਨੰਬਰ), ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ।

ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ। ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ

**(surjitsingh.bhatti@gmail.com)**

**ਹਾੜ੍ਹ ਮਹੀਨੇ ਦਾ ਪਾਠ**

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

**ੴ ਸਤਿਗੁਰ ਪ੍ਰਸਾਦਿ॥**

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 134)**

---

ਹਾੜ ਦਾ ਮਹੀਨਾ 15 ਜੂਨ ਤੋਂ ਸ਼ੁਰੂ ਹੁੰਦਾ ਹੈ।

(3 ਜੂਨ ਨੂੰ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਹੈ)

# ਹਾੜ੍ਹ ਮਹੀਨੇ ਦੇ ਸ਼ਬਦ ਦੀ ਕਾਵਿ-ਵਿਆਖਿਆ

ਕਰਮਜੀਤ ਸਿੰਘ 'ਨੂਰ', ਜਲੰਧਰ (ਭਾਰਤ)
+91-98150-23970)



ਠੰਡ ਹਰੀ ਨਾਮ ਦੀ, ਨਾ ਹੋਵੇ ਜਿਨ੍ਹਾਂ ਹਿਰਦਿਆਂ 'ਚ,
ਹਾੜ ਦਾ ਮਹੀਨਾ, ਉਹਨਾਂ ਤਾਈਂ ਹੀ ਤਪਾਉਂਦਾ ਹੈ।
ਜ਼ਿੰਦਗੀ ਦੇ ਦਾਤੇ, ਪ੍ਰਮਾਤਮਾ ਨੂੰ ਛੱਡ ਕੇ ਤੇ,
ਬੰਦਾ ਜਦੋਂ ਆਸ, ਕਿਸੇ ਬੰਦੇ ਦੀ ਤਕਾਉਂਦਾ ਹੈ।

ਓਟ ਕਿਸੇ ਹੋਰ ਦੀ ਜੋ ਤੱਕਦੈ, ਖੁਆਰ ਹੁੰਦੈ,
ਜਮਾਂ ਵਾਲੀ ਫਾਹੀ, ਗਲੇ ਆਪਣੇ ਪਵਾਉਂਦਾ ਹੈ।
ਜਿਹੋ ਜਿਹਾ ਬੀਜਦਾ ਹੈ, ਓਹੋ ਜਿਹਾ ਵੱਢਦਾ ਹੈ,
ਮੱਥੇ ਉਤੇ ਲੇਖ ਜੋ, ਲਿਖਾ ਕੇ ਲਿਆਉਂਦਾ ਹੈ।

ਉਮਰਾਂ ਦੀ ਰਾਤ, ਲੰਘ ਜਾਂਦੀ ਹੈ ਨਿਰਾਸਤਾ 'ਚ,
ਤੁਰ ਜਾਂਦਾ ਜੀਵ, ਪਰ ਜਾਂਦਾ ਪਛਤਾਉਂਦਾ ਹੈ।
ਸਾਧੂ ਦਾ ਮਿਲਾਪ, ਜਿਹਨੂੰ ਹੋ ਜਾਵੇ ਜ਼ਿੰਦਗੀ 'ਚ,
ਮੁਕਤੀ ਵੀ ਉਹੀ, ਦਰਗਾਹ ਵਿਚ ਪਾਉਂਦਾ ਹੈ।

ਕਰ ਦੇਹ ਤੂੰ ਕਿਰਪਾ, ਤੇ ਦਰਸ਼ਨਾਂ ਦੀ ਪਿਆਸ ਲਾ ਦੇ,
ਨਾਨਕ ਇਹ ਤੇਰੇ ਅੱਗੇ, ਬੇਨਤੀ ਸੁਨਾਉਂਦਾ ਹੈ।
ਪ੍ਰਭੂ ਤੇਰੇ ਚਰਣਾਂ 'ਚ, ਏਹੋ ਅਰਦਾਸ ਮੇਰੀ,
ਤੇਰੇ ਬਿਨ ਦੂਜਾ, ਕੋਈ ਹੋਰ ਨਾ ਧਿਆਉਂਦਾ ਹੈ।

'ਨੂਰ' ਉਹਨੂੰ ਹਾੜ ਵੀ, ਸੁਹਾਨਾ ਬੜਾ ਲਗਦਾ ਹੈ।
ਹਿਰਦੇ 'ਚ ਅਪਣੇ, ਜੋ ਹਰੀ ਨੂੰ ਵਸਾਉਂਦਾ ਹੈ।
ਹਿਰਦੇ 'ਚ ਅਪਣੇ, ਜੋ ਹਰੀ ਨੂੰ ਵਸਾਉਂਦਾ ਹੈ॥

## ਪਿਤਾ ਦਿਵਸ ਤੇ ਵਿਸ਼ੇਸ਼-

## ਧੀ ਵਲੋਂ ਦਰਦਾਂ ਭਰਿਆ ਗੀਤ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਵਟਸਐਪ: +91 98728 60488



ਅੱਜ ਮੈਨੂੰ ਯਾਦ ਮੇਰੇ, ਬਾਪ ਦੀ ਸਤਾਏ ਨੀ।
ਸੁਰਗਾਂ 'ਚ ਬੈਠੀ ਅੱਜ, ਮਾਂ ਵੀ ਯਾਦ ਆਏ ਨੀ।

ਵਿਹੜੇ ਵਿੱਚ ਬੈਠਾ ਬਾਪੂ, ਮੰਜੇ ਉੱਤੇ ਫੱਬਦਾ।
ਘਰ ਸਾਰਾ ਓਸ ਨਾਲ, ਭਰਿਆ ਸੀ ਲੱਗਦਾ।
ਉੱਠ ਗਏ ਅੱਜ ਸਿਰੋਂ, ਮਾਪਿਆਂ ਦੇ ਸਾਏ ਨੀ।
ਅੱਜ.........

ਸਿਰ ਉੱਤੇ ਹੱਥ ਧਰ, ਸੀਨੇ ਨਾਲ ਲਾਂਵਦਾ।
ਅਸੀਸ ਉਹਦੀ ਸੁਣ ਸੀ, ਕਲੇਜਾ ਠਰ ਜਾਂਵਦਾ।
ਦੁੱਖ ਸੁੱਖ ਪੁੱਛਦਾ ਤੇ ਆਪਣਾ ਸੁਣਾਏ ਨੀ।
ਅੱਜ........

ਪੇਕਿਆਂ ਦੇ ਮਹਿਲ ਹੁਣ, ਦਿਲ ਨੂੰ ਨਾ ਭਾਂਵਦੇ।
ਹੁਸਨ, ਜਵਾਨੀ, ਮਾਪੇ, ਮੁੜ ਨਹੀਉਂ ਆਂਵਦੇ।
ਮਾਪਿਆਂ ਦੀ ਦੇਣ ਕਦੇ, ਭੁੱਲੇ ਨਾ ਭੁਲਾਏ ਨੀ।
ਅੱਜ........

ਪੁੱਤਾਂ ਸਾਂਭ ਲੈਣੀਆਂ, ਜ਼ਮੀਨਾਂ ਜਾਇਦਾਦਾਂ ਨੀ।
ਧੀਆਂ ਕੋਲ ਰਹਿਣਗੀਆਂ, ਮਿੱਠੀਆਂ ਤਾਂ ਯਾਦਾਂ ਨੀ।
'ਦੀਸ਼' ਨੇ ਤਾਂ ਮਾਪੇ ਸਦਾ, ਦਿੱਲ 'ਚ ਵਸਾਏ ਨੀ।
ਅੱਜ........

# ਹਰ ਹੰਜੂ ਦੀ ਵੀ ਵੱਖ ਕਹਾਣੀ ਹੁੰਦੀ ਹੈ !

ਡਾ. ਹਰਸ਼ਿੰਦਰ ਕੌਰ, ਐੱਮ.ਡੀ, ਪਟਿਆਲਾ (ਭਾਰਤ) 0175-2216783

ਮਾਂ ਦੀ ਅੱਖ 'ਚੋਂ ਕਿਰਿਆ ਹੰਝੂ ਤਕਦੀਰ ਬਦਲ ਦੇਣ ਦੀ ਤਾਕਤ ਰਖਦਾ ਹੈ। ਬੱਚੇ ਦੀ ਅੱਖ 'ਚੋਂ ਡਿਗਿਆ ਹੰਝੂ ਮਾਂ ਦਾ ਦਿਲ ਵਲੂੰਧਰ ਦਿੰਦਾ ਹੈ। ਬਹੁਤ ਖ਼ੁਸ਼ੀ ਮਿਲ ਜਾਣ ਉੱਤੇ ਵੀ ਅੱਖਾਂ 'ਚੋਂ ਨੀਰ ਵਹਿ ਤੁਰਦਾ ਹੈ ਅਤੇ ਬਹੁਤ ਜ਼ਿਆਦਾ ਦੁਖ ਕਦੇ ਕਦਾਈਂ ਅੱਖਾਂ ਵਿਚਲੇ ਸਾਰੇ ਹੰਝੂ ਸੁਕਾ ਦਿੰਦਾ ਹੈ। ਬਹੁਤ ਘਟ ਨੂੰ ਜਾਣਕਾਰੀ ਹੈ ਕਿ ਡਾਕਟਰੀ ਪਖ ਤੋਂ ਹੰਝੂ ਤਿੰਨ ਤਰ੍ਹਾਂ ਦੇ ਹੁੰਦੇ ਹਨ ਅਤੇ ਤਿੰਨੋ ਕਿਸਮਾਂ ਹੀ ਅੱਖਾਂ ਦੀ ਸਿਹਤ ਲਈ ਵਧੀਆ ਹਨ।

ਪਹਿਲੀ ਕਿਸਮ ਦੇ ਹੰਝੂ ਅੱਖਾਂ ਗਿਲੀਆਂ ਕਰਨ ਲਈ ਅਤੇ ਅੱਖਾਂ ਨੂੰ ਨਮ ਰਖ ਕੇ ਮਿੱਟੀ ਘੱਟੇ ਤੋਂ ਬਚਾਉਣ ਲਈ ਲਗਾਤਾਰ ਬਹੁਤ ਘੱਟ ਮਾਤਰਾ ਵਿਚ ਪੁਤਲੀਆਂ ਦੇ ਅੰਦਰ ਫੈਲ ਕੇ ਜਜ਼ਬ ਹੁੰਦੇ ਰਹਿੰਦੇ ਹਨ। ਇਨ੍ਹਾਂ ਰਾਹੀਂ ਅੱਖ ਨੂੰ ਖ਼ੁਰਾਕ ਵੀ ਪਹੁੰਚਦੀ ਰਹਿੰਦੀ ਹੈ।ਦੂਜੀ ਕਿਸਮ ਦੇ ਹੰਝੂ ਖ਼ੁਸ਼ੀ ਜਾਂ ਗ਼ਮੀ ਦਾ ਅਹਿਸਾਸ ਕਰਵਾਉਂਦੇ ਹਨ। ਇਸ ਕਿਸਮ ਦੇ ਹੰਝੂਆਂ ਵਿਚ ਕੁਝ ਹਾਰਮੋਨਾਂ ਦੇ ਅੰਸ਼ ਵੀ ਲਭੇ ਹਨ ਜਿਨ੍ਹਾਂ ਦੇ ਬਾਹਰ ਨਿਕਲ ਜਾਣ ਨਾਲ ਸਰੀਰ ਅੰਦਰੋਂ ਤਣਾਓ ਘਟਣ ਦੇ ਆਸਾਰ ਵਧ ਜਾਂਦੇ ਹਨ। ਇਨ੍ਹਾਂ ਦੇ ਵਗਣ ਨਾਲ ਸਰੀਰ ਅੰਦਰ ਐਂਡਰੋਫਿਨ ਨਿਕਲ ਪੈਂਦੇ ਹਨ ਜਿਨ੍ਹਾਂ ਤੋਂ ਚੰਗਾ ਮਹਿਸੂਸ ਹੁੰਦਾ ਹੈ ਅਤੇ ਢਹਿੰਦੀ ਕਲਾ ਕਾਫ਼ੂਰ ਹੋ ਜਾਂਦੀ ਹੈ।

ਕੁਦਰਤ ਦਾ ਕਮਾਲ ਵੇਖੋ ਕਿ ਇਹ ਦੂਜੀ ਕਿਸਮ ਦੇ ਹੰਝੂ ਸਿਰਫ਼ ਇਨਸਾਨ ਹੀ ਵਹਾ ਸਕਦੇ ਹਨ। ਇਸੇ ਲਈ ਇਨ੍ਹਾਂ ਨੂੰ *ਜਜ਼ਬਾਤੀ ਹੰਝੂਆਂ* ਦਾ ਨਾਂ ਦੇ ਦਿਤਾ ਗਿਆ ਹੈ। ਇਨ੍ਹਾਂ ਨਾਲ ਰਲਦੇ ਮਿਲਦੇ ਹੰਝੂ ਸਿਰਫ਼ ਹਾਥੀ ਤੇ ਗੁਰਿੱਲਾ ਵਿਚ ਹੀ ਲਭੇ ਹਨ ਪਰ ਇਨ੍ਹਾਂ ਵਿਚ ਹਾਰਮੋਨਾਂ ਦੇ ਅੰਸ਼ ਓਨੇ ਨਹੀਂ ਜਿੰਨੇ ਇਨਸਾਨੀ ਹੰਝੂਆਂ ਵਿਚ ਮਿਲੇ ਹਨ।

ਅਖਾਂ ਵਿਚਲੇ 'ਲੈਕਰਾਈਮਲ ਗਲੈਂਡ' ਇਕ ਹੋਰ ਬਿਲਕੁਲ ਪਾਣੀ ਵਰਗੇ ਹੰਝੂ (ਤੀਜੀ ਕਿਸਮ) ਵੀ ਬਣਾਉਂਦੇ ਹਨ ਜਿਨ੍ਹਾਂ ਨੂੰ "ਰਿਫਲੈਕਸ ਹੰਝੂ" ਕਿਹਾ ਜਾਂਦਾ ਹੈ। ਜੇ ਕੁਝ ਅੱਖ 'ਚ ਵਜੇ ਤਾਂ ਝਟ ਇਹ ਪਾਣੀ ਵਰਗੇ ਹੰਝੂ ਛਲਕ ਪੈਂਦੇ ਹਨ ਤਾਂ ਜੋ ਅੱਖ ਝਟਪਟ ਸਾਫ਼ ਹੋ ਜਾਏ ਤੇ ਨੁਕਸਾਨ ਤੋਂ ਵੀ ਬਚ ਜਾਏ।



ਕਈ ਵਾਰ ਲਗਦਾ ਹੈ ਜਿਵੇਂ ਅੱਖ ਵਿਚ ਹਲਕੀ ਲਾਲੀ ਹੋਵੇ। ਰਗੜ ਮਹਿਸੂਸ ਹੋਣੀ ਜਾਂ ਪੂਰਾ ਸਾਫ਼ ਨਾ ਦਿਸਣਾ ਤੇ ਇੰਜ ਲਗਣਾ ਜਿਵੇਂ ਅੱਖ ਵਿਚ ਕੁਝ ਰੜਕ ਰਿਹਾ ਹੈ, ਪਰ ਹੁੰਦਾ ਕੁਝ ਵੀ ਨਹੀਂ। ਇਸ ਹਾਲਤ ਨੂੰ 'ਡਰਾਈ ਆਈ' ਯਾਨੀ 'ਹੰਝੂਆਂ ਦੀ ਕਮੀ' ਕਿਹਾ ਜਾਂਦਾ ਹੈ।

ਬਹੁਤੇ ਹੰਝੂ ਲੈਕਰਾਈਮਲ ਗਲੈਂਡ ਵਿਚੋਂ ਹੀ ਨਿਕਲਦੇ ਹਨ। ਅੱਖ ਵਿਚਲੇ 'ਮੇਬੋਮੀਅਨ ਗਲੈਂਡ' ਹਲਕਾ ਤੇਲ ਕਢਦੇ ਹਨ। ਇਕ ਹੋਰ (ਗੋਬਲੈੱਟ) ਸੈੱਲ, ਹੰਝੂ ਤੇ ਤੇਲ ਦਾ ਮਿਸ਼ਰਨ ਸਹੀ ਰਖਣ ਵਿਚ ਮਦਦ ਕਰਦੇ ਹਨ। ਜੇ ਇਹ ਮਿਸ਼ਰਨ ਸਹੀ ਨਾ ਰਹੇ ਜਾਂ ਘਟ ਬਣਨ ਲਗ ਪਵੇ ਤਾਂ ਅੱਖ ਸੁੱਕੀ ਜਿਹੀ ਮਹਿਸੂਸ ਹੋਣ ਲਗ ਪੈਂਦੀ ਹੈ। ਲੈਕਰਾਈਮਲ ਗਲੈਂਡ ਵਿਚ ਸੋਜ਼ਿਸ਼ ਹੋ ਜਾਣੀ, ਮੇਬੋਮੀਅਨ ਗਲੈਂਡ ਦਾ ਘਟ ਕੰਮ ਕਰਨਾ, ਕੁਝ ਕਿਸਮਾਂ ਦੀਆਂ ਦਵਾਈਆਂ, ਹਾਰਮੋਨਾਂ ਵਿਚ ਤਬਦੀਲੀ ਆਦਿ, ਕਰਕੇ ਹੰਝੂਆਂ ਵਿਚ ਕਮੀ ਆ ਸਕਦੀ ਹੈ। ਹੁਣ ਬਜ਼ਾਰ ਵਿਚ ਨਕਲੀ ਹੰਝੂ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਡਾਕਟਰੀ ਸਲਾਹ ਨਾਲ ਦਿਨ ਵਿਚ ਚਾਰ ਵਾਰ ਤਕ ਵਰਤਿਆ ਜਾ ਸਕਦਾ ਹੈ। ਅੱਖਾਂ ਦੀਆਂ ਪੁਤਲੀਆਂ ਦੇ ਅੰਦਰਲੇ ਕੋਨੇ ਵਿਚ ਸੁਰਾਖ਼ ਹੁੰਦੇ ਹਨ, ਜਿਨ੍ਹਾਂ ਵਿਚੋਂ (ਰੋਣ ਨਾਲ) ਹੰਝੂ ਨਕ ਵਲ ਨਿਕਲਣ ਦਾ ਰਾਹ ਹੁੰਦਾ ਹੈ। ਉਸ ਰਾਹ ਨੂੰ ਬੰਦ ਕਰ ਕੇ ਵੀ ਸੁੱਕੀਆਂ ਅੱਖਾਂ ਠੀਕ ਕੀਤੀਆਂ ਜਾ ਸਕਦੀਆਂ ਹਨ ਤੇ ਕੁਦਰਤੀ ਹੰਝੂ ਦੇਰ ਤਕ ਅੱਖਾਂ ਨੂੰ ਨਮ ਰਖ ਸਕਦੇ ਹਨ।

ਹੰਝੂ ਘਟ ਆਉਣ ਦੇ ਕਾਰਨ ਕਈ ਹੋ ਸਕਦੇ ਹਨ, ਜਿਵੇਂ ਵਧਦੀ ਉਮਰ, ਸ਼ੋਗਰਨ ਸਿੰਡਰੋਮ-ਸਰੀਰ ਅੰਦਰ ਤਰਲ ਦਾ ਘਟ ਬਣਨਾ, ਅੱਖਾਂ ਦੀ ਐਲਰਜੀ, ਰਿਊਮੈਟਾਇਰਡ ਆਰਥਰਾਈਟਸ (ਗੰਠੀਆ ਰੋਗ), ਲੂਪਸ ਬੀਮਾਰੀ, ਸਕਲਿਰੋਡਰਮਾ ਬੀਮਾਰੀ, ਅੰਗ ਟਰਾਂਸਪਲਾਂਟ ਤੋਂ ਬਾਅਦ, ਸਾਰਕਾਇਡ ਬੀਮਾਰੀ, ਥਾਇਰਾਇਡ ਦੇ ਰੋਗ ਅਤੇ ਵਿਟਾਮਿਨ ਏ ਦੀ ਕਮੀ ਆਦਿ। ਲਗਾਤਾਰ ਅੱਖਾਂ ਦੀ ਵਰਤੋਂ ਜਿਵੇਂ ਘੰਟਿਆਂ ਬੱਧੀ ਕੰਪਿਊਟਰ ਜਾਂ ਮੋਬਾਈਲ ਨਾਲ ਚਿਪਕਣਾ, ਹਵਾਈ ਜਹਾਜ਼ ਦਾ ਲੰਮਾ ਸਫ਼ਰ, ਏਅਰ ਕੰਡੀਸ਼ਨ ਕਮਰਾ, ਬਿਨਾਂ ਐਨਕ ਦੇ ਮੋਟਰਸਾਇਕਿਲ ਚਲਾਉਣਾ ਅੱਖਾਂ ਵਿਚਲੀ ਨਮੀ ਘਟ ਕੇ ਅੱਖਾਂ ਵਿਚ ਰੜਕ ਜਾਂ ਸੁੱਕਾਪਨ ਮਹਿਸੂਸ ਕਰਵਾ ਸਕਦੇ ਹਨ। ਕਈ ਵਾਰ ਅੱਖਾਂ ਨੂੰ ਰੌਸ਼ਨੀ ਵੀ ਨਹੀਂ ਭਾਉਂਦੀ, ਧੁੰਧਲਾ ਜਾਂ ਦੋ ਦੋ ਦਿਸਣ ਲਗਦੇ ਹਨ। ਅੱਖਾਂ ਵੀ ਥਕੀਆਂ ਮਹਿਸੂਸ ਹੁੰਦੀਆਂ ਹਨ। ਜੇ ਅੱਖਾਂ ਵਿਚਲੀ ਨਮੀ ਘਟ ਹੋਵੇ ਤਾਂ ਅਗੇ ਦਸੀਆਂ ਚੀਜ਼ਾਂ ਦਾ ਧਿਆਨ ਰਖਣਾ ਜ਼ਰੂਰੀ ਹੈ।

ਅੱਖਾਂ ਵਿਚ ਸਿਧੀ ਹਵਾ ਨਹੀਂ ਪੈਣੀ ਚਾਹੀਦੀ, ਜਿਵੇਂ ਫਰਾਟੇਦਾਰ ਪੱਖਾ ਆਦਿ ਸਾਹਮਣੇ ਨਹੀਂ ਹੋਣਾ ਚਾਹੀਦਾ। ਧੁਪੇ ਕਾਲੀਆਂ ਐਨਕਾਂ ਵਰਤਣੀਆਂ ਚਾਹੀਦੀਆਂ ਹਨ। ਲਗਾਤਾਰ ਏ.ਸੀ. ਵਿਚ ਬੈਠਣ ਤੋਂ ਬਚਣਾ ਚਾਹੀਦਾ ਹੈ। ਕੰਪਿਊਟਰ ਜਾਂ ਮੋਬਾਈਲ ਵੇਖਦਿਆਂ ਹਰ 20 ਸਕਿੰਟ ਬਾਅਦ ਅੱਖਾਂ ਨੂੰ ਦੋ ਸਕਿੰਟ ਲਈ ਬੰਦ ਕਰ ਲੈਣਾ ਚਾਹੀਦਾ ਹੈ। ਕੰਪਿਊਟਰ ਦਾ ਪੱਧਰ ਅੱਖਾਂ ਦੀ ਪੱਧਰ ਤੋਂ ਰਤਾ ਕੁ ਹੇਠਾਂ ਹੋਣਾ ਚਾਹੀਦਾ ਹੈ ਤਾਂ ਜੋ ਸਿੱਧਾ ਅੱਖਾਂ 'ਚ ਰੌਸ਼ਨੀ ਨਾ ਪੈਂਦੀ ਰਹੇ। ਅੱਖਾਂ ਨੇੜੇ ਕਿਸੇ ਕਿਸਮ ਦਾ ਧੂੰਆਂ ਨਹੀਂ ਹੋਣਾ ਚਾਹੀਦਾ। ਡਾਕਟਰ ਦੀ ਸਲਾਹ ਨਾਲ ਵਿਟਾਮਿਨ **ਏ** ਲੈਂਦੇ ਰਹਿਣਾ ਚਾਹੀਦਾ ਹੈ।

**ਅੱਖਾਂ ਦੀ ਨਮੀ ਠੀਕ ਰਖਣ ਲਈ ਖ਼ੁਰਾਕ ?**

ਮੱਛੀ (ਸਾਲਮਨ) ਵਿਚ ਓਮੇਗਾ ਤਿੰਨ (omega 3) ਫੈਟੀ ਏਸਿਡ ਫ਼ਾਇਦੇਮੰਦ ਹਨ, ਹਰੀਆਂ ਪੱਤੇਦਾਰ ਸਬਜ਼ੀਆਂ ਜੋ ਵਿਟਾਮਿਨ ਸੀ ਭਰਪੂਰ ਹੋਣ ਕਾਰਨ ਅੱਖਾਂ ਦੀ ਨਮੀ ਦੇ ਨਾਲ-ਨਾਲ ਸੈੱਲਾਂ ਦੀ ਟੁਟ-ਫੁਟ ਵੀ ਘਟਾਉਂਦੀਆਂ ਹਨ ਤੇ ਫੋਲੇਟ ਵੀ ਇਨ੍ਹਾਂ ਵਿਚ ਪੂਰਾ ਹੁੰਦਾ ਹੈ। ਕੇਲ ਪੱਤਾ, ਪਾਲਕ, ਅਤੇ ਹਰੀਆਂ ਫਲੀਆਂ ਆਦਿ ਖਾਂਦੇ ਰਹਿਣਾ ਚਾਹੀਦਾ ਹੈ। ਸ਼ਾਕਾਹਾਰੀਆਂ ਲਈ ਕੀਆ (chia) ਤੇ ਫਲੈਕਸ (flax) ਬੀਜ ਵੀ ਓਮੇਗਾ ਤਿੰਨ ਮੁਹਈਆ ਕਰਵਾ ਦਿੰਦੇ ਹਨ ਜੋ ਅੱਖਾਂ ਦੀ ਨਮੀ ਬਰਕਰਾਰ ਰਖ ਕਰਦੇ ਹਨ। ਇਸ ਤੋਂ ਇਲਾਵਾ, ਸੁੱਕੇ ਮੇਵੇ ਓਮੇਗਾ ਤਿੰਨ ਫੈੱਟੀ ਏਸਿਡ ਤੇ ਵਿਟਾਮਿਨ ਈ ਨਾਲ ਭਰੇ ਹੋਣ ਸਦਕਾ ਅੱਖਾਂ ਲਈ ਵਧੀਆ ਹਨ, ਖ਼ਾਸ ਤੌਰ ਤੇ ਅਖਰੋਟ ਅਤੇ ਕਾਜੂ। ਮੂੰਗਫਲੀ ਵੀ ਕਾਜੂਆਂ ਵਾਂਗ ਹੀ ਫ਼ਾਇਦੇਮੰਦ ਹੈ! ਫਲੀਆਂ ਵਿਚ ਫਾਈਬਰ, ਪ੍ਰੋਟੀਨ, ਫੋਲੇਟ, ਜ਼ਿੰਕ ਭਰੇ ਹੋਣ ਸਦਕਾ ਇਹ ਨਾ ਸਿਰਫ਼ ਅੱਖਾਂ ਲਈ ਬਲਕਿ ਪੂਰੇ ਸਰੀਰ ਲਈ ਹੀ ਬਹੁਤ ਵਧੀਆ ਹਨ। ਇਹ ਮੈਲਾਨਿਨ ਬਣਾਉਣ ਵਿਚ ਵੀ ਮਦਦ ਕਰਦੀਆਂ ਹਨ।

ਸਰੀਰ ਅੰਦਰ ਪਾਣੀ ਦੀ ਕਮੀ ਪੂਰੀ ਕਰਨੀ ਜ਼ਰੂਰੀ ਹੁੰਦੀ ਹੈ ਕਿਉਂਕਿ ਸਿਰਫ਼ ਹੰਝੂ ਹੀ ਨਹੀਂ ਬਲਕਿ ਹਰ ਅੰਗ ਦੇ ਸਹੀ ਕੰਮ ਕਾਰ ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ। ਕੇਲਾ ਪੋਟਾਸ਼ੀਅਮ ਭਰਪੂਰ ਹੋਣ ਸਦਕਾ ਅੱਖਾਂ ਵਿਚਲੇ ਹੰਝੂਆਂ ਲਈ ਅਹਿਮ ਰੋਲ ਅਦਾ ਕਰਦਾ ਹੈ ਤੇ ਹੰਝੂ ਦੀ ਮੋਟੀ ਪਰਤ ਬਣਾਉਣ ਵਿਚ ਸਹਾਈ ਹੁੰਦਾ ਹੈ ਜੋ ਅੱਖਾਂ ਦੀ ਨਮੀ ਬਰਕਰਾਰ ਰਖਣ ਵਿਚ ਮਦਦ ਕਰਦਾ ਹੈ। ਕੇਲੇ ਵਿਚ ਵਿਟਾਮਿਨ ਏ ਵੀ ਹੁੰਦਾ ਹੈ ਜੋ ਅੱਖਾਂ ਲਈ ਜ਼ਰੂਰੀ ਹੈ। ਆਮ ਧਾਰਣਾ ਹੈ ਕਿ ਕੌਫ਼ੀ ਪੀਣ ਨਾਲ ਅੱਖਾਂ ਦੀ ਨਮੀ ਉੱਤੇ ਫ਼ਰਕ ਪੈਂਦਾ ਹੈ ਪਰ ਅਜਿਹੀ ਕੋਈ ਗਲ ਹਾਲੇ ਤਕ ਸਾਬਤ ਨਹੀਂ ਕੀਤੀ ਜਾ ਸਕੀ।

**ਘਰੇਲੂ ਨੁਸਖ਼ੇ** :-

1. ਬੰਦ ਅੱਖਾਂ ਉੱਤੇ ਕੋਸੇ ਪਾਣੀ ਦਾ ਭਰਿਆ ਰੂੰ ਰਖਣ ਨਾਲ ਥਕੀਆਂ ਅੱਖਾਂ ਨੂੰ ਰਾਹਤ ਮਿਲ ਜਾਂਦੀ ਹੈ।

2. ਕਦੂਕਸ਼ ਕੀਤਾ ਖੀਰਾ ਬੰਦ ਅੱਖਾਂ ਉੱਤੇ ਰਖਿਆਂ ਨਮੀ-ਰਹਿਤ ਅੱਖਾਂ ਨੂੰ ਆਰਾਮ ਮਿਲਦਾ ਹੈ।

ਏਨਾ ਸਾਰਾ ਕੁਝ ਜਾਣ ਲੈਣ ਬਾਅਦ ਇਕ ਆਖ਼ਰੀ ਗਲ ਜ਼ਰੂਰ ਕਰਨਾ ਚਾਹੁੰਦੀ ਹਾਂ। ਹੰਝੂ ਅੱਖਾਂ ਅੰਦਰ ਵਗਦੇ ਰਹਿਣ ਤਾਂ ਅੱਖਾਂ ਦੀ ਨਮੀ ਲਈ ਜ਼ਰੂਰੀ ਹਨ, ਪਰ ਕਿਸੇ ਮਾਂ ਜਾਂ ਪਿਓ ਦੀਆਂ ਅੱਖਾਂ ਵਿਚੋਂ ਪੁੱਤਰ ਵਲੋਂ ਕੀਤੀ ਬੇਕਦਰੀ ਸਦਕਾ ਵਗੇ ਹੰਝੂ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਅਜਿਹੇ ਹਰ ਹੰਝੂ ਦੀ ਵਖ ਕਹਾਣੀ ਹੁੰਦੀ ਹੈ ਜੋ ਜ਼ਿੰਦਗੀ ਦੇ ਕੌੜੇ ਮਿਠੇ ਤਜਰਬਿਆਂ ਦਾ ਗ੍ਰੰਥ ਤਿਆਰ ਕਰਵਾ ਸਕਦੀ ਹੈ।

# ਪ੍ਰੋਫੈਸਰ ਸੁਖਮੰਦਰ ਸਿੰਘ ਨੂੰ ਸਨਮਾਨ



**'ਸਾਂਝੀ ਵਿਰਾਸਤ'** ਦੇ ਪਾਠਕ ਅਤੇ ਸੰਪਾਦਕ **ਪ੍ਰੋਫੈਸਰ ਡਾ. ਸੁਖਮੰਦਰ ਸਿੰਘ** ਨੂੰ ਉਨ੍ਹਾਂ ਦੇ ਸਨਮਾਨ ਵਿੱਚ ਨਵੀਂ ਸਥਾਪਿਤ **'ਐਂਡੋਵਮੈਂਟ ਪ੍ਰੋਫੈਸਰਸ਼ਿਪ'** 'ਤੇ ਵਧਾਈ ਦਿੰਦੇ ਹਨ। ਪ੍ਰੋਫੈਸਰ ਸੁਖਮੰਦਰ ਸਿੰਘ ਦੀ ਵਿਦਿਆਰਥੀਆਂ ਲਈ ਲਗਨ ਤੋਂ ਪ੍ਰਭਾਵਿਤ ਹੋ ਕੇ, ਵਿਸਿਕਸ ਪਰਿਵਾਰ ਨੇ ਸਿਵਲ, ਵਾਤਾਵਰਨ, ਅਤੇ ਇੰਜੀਨੀਅਰਿੰਗ ਵਿੱਚ ਖੋਜ ਲਈ ਤਿੰਨ ਮਿਲੀਅਨ ਡਾਲਰ ਦਿੱਤਾ ਹੈ। ਆਮ ਕਰਕੇ ਐਂਡੋਵਮੈਂਟ ਪ੍ਰੋਫੈਸਰਸ਼ਿਪ ਪੈਸੇ ਦੇਂਣ ਵਾਲੇ ਜਾਂ ਰਿਟਾਇਰ ਹੋਣ ਤੋਂ ਬਾਦ ਬਹੁਤ ਹੀ ਵਡੇ ਪੱਧਰ ਵਾਲੇ ਸਾਂਇਸਦਾਨ ਦੇ ਨਾਂ ਤੇ ਬਣਾਈ ਜਾਂਦੀ ਹੈ। ਕੰਮ ਕਰਦਿਆਂ ਹੋਇਆਂ ਕਿਸੇ ਦੇ ਨਾਂ ਤੇ ਬਣਨ ਦੀਆਂ ਬਹੁਤ ਹੀ ਘੱਟ ਉਦਾਹਰਣਾਂ ਹਨ। ਇਹ ਸਨਮਾਂਨ ਇੱਕ ਸਿੱਖ ਪ੍ਰੋਫੈਸਰ ਨੂੰ ਕ੍ਰਸਿਚੀਅਨ ਯੁਨੀਵਰਸਿਟੀ ਵਿਚ ਮਿਲਿਆ ਹੈ। ਇਸ 'ਤੇ ਅਸੀਂ ਸਾਰੇ ਮਾਣ ਮਹਿਸੂਸ ਕਰਦੇ ਹਾਂ।

ਉਨ੍ਹਾਂ 1986 ਤੋਂ ਸੈਂਟਾ ਕਲਾਰਾ ਯੂਨੀਵਰਸਿਟੀ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ, ਸਿਵਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਅਤੇ ਚੇਅਰਮੈਨ ਰਹੇ, ਅਤੇ ਹੁਣ ਐਸੋਸੀਏਟ ਡੀਨ ਹਨ। ਇੱਕ ਪਾਈਪਲਾਈਨ ਕੰਪਨੀ ਲਈ ਪ੍ਰਾਜੈਕਟ ਇੰਜੀਨੀਅਰ ਅਤੇ ਮੈਨੇਜਰ ਹੁੰਦਿਆਂ ਉਨ੍ਹਾਂ ਨੇ 800-ਮੀਲ ਲੰਬੀ ਟਰਾਂਸ ਅਲਾਸਕਾ ਪਾਈਪਲਾਈਨ ਲਈ ਭੂਚਾਲ ਦੀ ਸਥਿਰਤਾ ਅਤੇ ਤਰਲਤਾ ਦਾ ਅਧਿਐਨ ਕੀਤਾ। ਉਨ੍ਹਾਂ ਸੈਨ ਪਾਬਲੋ ਕਲੀਅਰਵੈਲ ਡੈਮ ਦੀ ਅਸਫਲਤਾ ਦਾ ਵਿਸ਼ਲੇਸ਼ਣ ਕੀਤਾ ਅਤੇ ਇਸਨੂੰ ਦੁਬਾਰਾ ਡਿਜ਼ਾਈਨ ਕੀਤਾ।

ਡਾ. ਸੁਖਮੰਦਰ ਸਿੰਘ ਮਹਿਸੂਸ ਕਰਦੇ ਹਨ ਕਿ ਸਿੱਖਾਂ **ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ** ਵਿੱਚ ਦਰਜ ਸਿੱਖ ਫਲਸਫੇ ਨੂੰ ਸਮਝਣਾ ਗੁਰੂ ਦਾ ਹੁਕਮ ਹੈ। ਇਸ ਤੋਂ ਬਿਨਾਂ ਕੋਈ ਸਿੱਖ ਨਹੀਂ ਬਣ ਸਕਦਾ। ਰੀਤੀ-ਰਿਵਾਜ ਅਸਲ ਸੰਦੇਸ਼ ਨੂੰ ਢਾਹ ਲਾਉਂਦੇ ਹਨ। ਗੁਰੂ ਜੀ ਨੇ ਕਿਸੇ ਪੁਜਾਰੀ ਵਰਗ ਦੀ ਸਥਾਪਨਾ ਨਹੀਂ ਕੀਤੀ। ਅਸੀਂ ਸਾਰੀ ਦੁਨੀਆਂ ਵਿਚ ਇਹ ਦੱਸ ਕੇ ਪਛਾਣ ਪ੍ਰਾਪਤ ਕਰ ਸਕਦੇ ਹਾਂ ਕਿ ਅਸੀਂ ਕੌਣ ਹਾਂ। ਅਸੀਂ ਤਾਂ ਹੀ ਆਪਣੀ ਸਮਰੱਥਾ ਅਨੁਸਾਰ ਜੀ ਸਕਦੇ ਹਾਂ।

# ਲਾਸਾਨੀ ਸ਼ਹਾਦਤ _ ਸ੍ਰੀ ਗੁਰੂ ਅਰਜਨ ਦੇਵ ਜੀ

ਅੰਮ੍ਰਿਤ ਪਾਲ ਕੌਰ 'ਖਾਲਸਾ', ਜਲੰਧਰ (ਭਾਰਤ)



**'ਸ਼ਹਾਦਤ'** ਤੋਂ ਭਾਵ ਹੈ ਸੱਚੀ ਗਵਾਹੀ, ਸ਼ਹੀਦੀ, ਧਰਮ ਯੁੱਧ ਵਿੱਚ ਮੌਤ। ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਕੌਮ ਦੀ ਪਹਿਲੀ ਅਤੇ ਸਿਰਤਾਜ ਸ਼ਹਾਦਤ ਹੈ।ਪਹਿਲੀ ਇਸ ਕਰਕੇ ਕਿਉਂਕਿ ਇਸ ਤੋਂ ਪਹਿਲਾਂ ਇਸ ਤਰ੍ਹਾਂ ਦੀ ਕੋਈ ਹੋਰ ਸ਼ਹਾਦਤ ਹੋਈ ਨਹੀਂ। ਸਿਰਤਾਜ ਇਸ ਕਰ ਕੇ ਕਿਉਂਕਿ ਇਸ ਸ਼ਹਾਦਤ ਨੇ ਪੰਜਾਬ-ਭਾਰਤ ਦੀ ਰੰਗ ਭੂਮੀ ਤੋਂ ਜਿਹੜੀ ਅਮੀਰ ਤੇ ਅਮਰ ਸ਼ਹੀਦ-ਪਰੰਪਰਾ ਦਾ ਪ੍ਰਾਰੰਭ ਕੀਤਾ ਹੈ, ਉਸ ਦੀ ਸਿਰਤਾਜਗੀ ਗੁਰੂ ਅਰਜਨ ਸ਼ਹਾਦਤ ਪਾਤਸ਼ਾਹ ਨੇ ਕੀਤੀ ਹੈ।

ਗੁਰੂ ਅਰਜਨ ਦੇਵ ਜੀ ਨੇ ਸਾਕਾਰ ਰੂਪ ਵਿੱਚ ਸ਼ਹਾਦਤ ਦੇਕੇ 'ਪਰਤੱਖ ਹਰਿ' ਦੀ ਸ਼ਕਤੀ ਦਾ ਜੋ ਪ੍ਰਗਟਾਵਾ ਕੀਤਾ ਹੈ ਉਹ ਇੱਕ ਪ੍ਰਮਾਣ ਬਣ ਗਿਆ ਹੈ ਕਿ ਸੰਸਾਰੀ ਜੀਵ ਜੇ ਆਤਮਾ ਦੇ ਮੰਡਲ ਦਾ ਵਾਸੀ ਹੋਵੇ ਤਾਂ ਉਹ ਕਿੰਨੀ ਕਠਿਨ ਅਸਚਰਜ ਤੇ ਅਨੂਪਮ ਖੇਡ ਕਰ ਸਕਦਾ ਹੈ। ਸਿੱਖ ਕੌਮ ਦਾ ਇਤਿਹਾਸ ਅਜਿਹੀਆਂ ਅਨੂਪਮ ਖੇਡਾਂ ਨਾਲ ਭਰਿਆ ਪਿਆ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦੀ ਇੱਕ ਮਹਾਨ ਘਟਨਾ ਹੈ। ਪੰਚਮ ਪਾਤਸ਼ਾਹ ਨੂੰ ਜਹਾਂਗੀਰ ਦੇ ਹੁਕਮ ਨਾਲ 30 ਮਈ 1606 ਨੂੰ ਸ਼ਹੀਦ ਕਰ ਦਿੱਤਾ ਗਿਆ। ਇਹ ਨਿਰੀ ਧਾਰਮਿਕ ਘਟਨਾ ਨਹੀਂ ਸੀ, ਇਹ ਇੱਕ ਸਿਆਸੀ ਤੇ ਇਤਿਹਾਸਕ ਘਟਨਾ ਵੀ ਸੀ।

**ਘਟਨਾ ਦੇ ਫੌਰੀ ਕਾਰਨ** : ਇਸ ਸ਼ਹੀਦੀ ਦੇ ਫੌਰੀ ਕਾਰਨ ਦੋ ਦੱਸੇ ਜਾਂਦੇ ਹਨ।

1.ਚੰਦੂ ਸ਼ਾਹ **ਦੀ ਦੁਸ਼ਮਣੀ**: ਚੰਦੂ ਸ਼ਾਹ ਲਾਹੌਰ ਦਾ ਦੀਵਾਨ ਸੀ। ਉਸ ਨੇ ਆਪਣੇ ਬ੍ਰਾਹਮਣ ਨੂੰ ਆਪਣੀ ਲੜਕੀ ਲਈ ਯੋਗ ਵਰ ਲੱਭਣ ਲਈ ਭੇਜਿਆ। ਉਸ ਬ੍ਰਾਹਮਣ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹਿਜ਼ਾਦੇ ਹਰਗੋਬਿੰਦ ਜੀ ਨੂੰ ਚੁਣਿਆ। ਦੀਵਾਨ ਨੂੰ ਆਪਣੀ ਉੱਚੀ-ਪਦਵੀ ਦਾ ਮਾਣ ਸੀ। ਉਹ ਕਹਿਣ ਲੱਗਾ ਕਿ ਪੰਡਿਤ ਜੀ ਤੁਸੀਂ ਚੌਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ। ਸੰਗਤਾਂ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਐਸੇ ਅਭਿਮਾਨੀ ਆਦਮੀ ਦੀ ਲੜਕੀ ਦਾ ਰਿਸ਼ਤਾ ਕਬੂਲ ਨਹੀਂ ਕਰਨਾ ਚਾਹੀਦਾ। ਗੁਰੂ ਸਾਹਿਬ ਦੇ ਜੁਆਬ ਦੇਣ ਤੇ ਗੁੱਸੇ ਵਿੱਚ ਆਏ ਚੰਦੂ ਨੇ ਜਹਾਂਗੀਰ ਦੇ ਕੰਨ ਭਰੇ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਹੁਕਮ ਜਾਰੀ ਕਰਵਾਇਆ। ਗੁਰੂ ਸਾਹਿਬ ਨੇ ਸ਼ਹਾਦਤ ਦੇਣੀ ਪਰਵਾਨ ਕਰ ਲਈ ਪਰ ਕਿਸੇ ਦੇ ਡਰ, ਪ੍ਰਾਧੀਨਤਾ, ਤੇ ਵਿਰੋਧ ਦੀ ਪਰਵਾਹ ਨਹੀਂ ਕੀਤੀ।

2. **ਘਰੇਲੂ ਕਾਰਨ:** ਗੱਦੀ ਉੱਤੇ ਕਾਬਜ਼ ਹੋਣ ਲਈ ਜੋ ਵਿਰੋਧ ਉੱਠਿਆ, ਉਹ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਵਾਉਣ ਵਿੱਚ ਸ਼ਾਹੀ ਵਿਰੋਧ ਦਾ ਸਹਾਇਕ ਤਾਂ ਜ਼ਰੂਰ ਬਣਿਆ ਪਰ ਸ਼ਹਾਦਤ ਦਾ ਸਮੁੱਚਾ ਤੇ ਸਿੱਧਾ ਕਾਰਨ ਨਾ ਬਣ ਸਕਿਆ।

ਖੁਸਰੋ ਦੀ ਬਗਾਵਤ **:** ਜਹਾਂਗੀਰ ਦੇ ਸ਼ਹਿਜ਼ਾਦੇ ਖੁਸਰੋ ਦੀ ਪਿਤਾ ਵਿਰੁੱਧ ਬਗਾਵਤ ਕਾਰਨ ਜਹਾਂਗੀਰ ਨੇ ਖੁਸਰੋ ਦੀ ਗ੍ਰਿਫਤਾਰੀ ਦਾ ਐਲਾਨ ਕਰ ਦਿੱਤਾ।ਗੁਰੂ ਸਾਹਿਬ ਨੇ ਖੁਸਰੋ ਨੂੰ ਆਪਣੇ ਦਰ-ਘਰ ਵਿੱਚ ਰੱਖਿਆ । ਜਹਾਂਗੀਰ ਗੁਰੂ ਅਰਜਨ ਦੇਵ ਜੀ ਰਾਜ-ਦੋਸ਼ੀ ਠਹਿਰਾਣ ਵਿੱਚ ਸਫ਼ਲ ਹੋ ਗਿਆ। ਇਹ ਤਾਂ ਇੱਕ ਬਹਾਨਾ ਸੀ । ਆਪਣੀ ਸਵੈ- ਜੀਵਣੀ 'ਤੁਜ਼ਕੇ- ਜਹਾਂਗੀਰੀ' ਵਿੱਚ ਉਹ ਲਿਖਦਾ ਹੈ :

“ਗੋਇੰਦਵਾਲ ਵਿਖੇ ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ ਅਰਜਨ ਨਾਮੀ ਇੱਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਮੂਰਖ ਤੇ ਬੇ-ਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹੁ-ਰੀਤ ਦਾ ਅਨੁਸਾਰੀ ਬਣਾ ਲਿਆ ਸੀ। ਤਿੰਨ ਚਾਰ ਆਤਮਕ ਪੀੜ੍ਹੀਆਂ ਤੋਂ ਇੰਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿੰਨੇ ਚਿਰਾਂ ਤੋਂ ਮੇਰੇ ਦਿਲ ਵਿੱਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਨੂੰ ਇਸਲਾਮ ਵਿੱਚ ਲੈ ਆਉਣਾ ਚਾਹੀਦਾ ਹੈ”।

ਸ਼ਹੀਦੀ ਦਾ ਅਸਲੀ ਕਾਰਨ ਮੁਗਲ ਬਾਦਸ਼ਾਹਾਂ ਦੀ ਧਾਰਮਿਕ ਨੀਤੀ ਸੀ ਜੋ ਤੁਅੱਸਬ ਤੇ ਅਧਾਰਤ ਸੀ। ਜਹਾਂਗੀਰ ਨੇ ਹੁਕਮ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਨੂੰ “ਬ ਸਿਯਾਸਤ-ਵਯਬ-ਯਾਸਾ ਰਸਾਨੰਦ” ਅਨੁਸਾਰ ਸ਼ਹੀਦ ਕਰ ਦਿੱਤਾ ਜਾਵੇ। ‘ਯਾਸਾ’ ਸ਼ਾਹੀ ਕਾਨੂੰਨ ਹੈ ਜਿਸ ਨੂੰ ਪਹਿਲੀ ਵਾਰ ਚੰਗੇਜ਼ ਖਾਂ ਨੇ ਬੱਧਾ ਸੀ।‘ਯਾਸਾ’ ਅਨੁਸਾਰ ਸਜ਼ਾ ਕੇਵਲ ਉਸ ਪੁਰਸ਼ ਨੂੰ ਦਿੱਤੀ ਜਾਂਦੀ ਸੀ ਜਿਹੜਾ ਰਾਜ ਦੰਡ ਦਾ ਅਧਿਕਾਰੀ ਵੀ ਹੋਵੇ ਤੇ ਅਤਮਕ ਤੌਰ ਤੇ ਮਹਾਂ ਬਲਵਾਨ ਵੀ ਹੋਵੇ। ਗੁਰੂ ਅਰਜਨ ਦੇਵ ਜੀ ਦੇ ਦੋਵੇਂ ਦੋਸ਼ ਪਰਤੱਖ ਸਨ। ਉਨ੍ਹਾਂ ਨੂੰ ਸ਼ਹੀਦ ਕਰਨ ਵਾਸਤੇ ਪਹਿਲਾਂ ਤੱਤੀ ਤਵੀ ਤੇ ਬਿਠਾਇਆ ਗਿਆ। ਫਿਰ ਦੇਗ ਵਿੱਚ ਉਬਾਲਿਆ ਗਿਆ ਤੇ ਅਖੀਰ ਰਾਵੀ ਦਰਿਆ ਦੇ ਠੰਢੇ ਜਲ ਵਿਚ ਰੋੜ੍ਹਿਆ ਗਿਆ। ਅਡੋਲ ਤੇ ਨਿਡਰ ਸਤਿਗੁਰੂ ਸ਼ਹਾਦਤ ਤਾਂ ਦੇ ਗਏ, ਪਰ ਗੁਰੂ ਨਾਨਕ ਵਿਚਾਰ ਪ੍ਰੰਪਰਾ ਹੋਰ ਗੌਰਵਮਈ ਤੇ ਸ਼ਕਸ਼ੀਸ਼ਾਲੀ ਬਣ ਗਈ।

ਗੁਰੂ ਜੀ ਦਾ ਫੁਰਮਾਣ ਸੀ, ‘ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਕਿ ਵਾਹਿਗੁਰੂ ਦੇ ਸੱਚੇ ਨਾਮ ਦੇ ਪ੍ਰਚਾਰ ਕਰਨ ਵਾਲਿਆਂ ਲਈ ਆਦਰਸ਼ ਬਣ ਜਾਏ। ਜਦ ਕਿਸੇ ਤੇ ਕਸ਼ਟ ਆਵੇ ਤਾਂ ਭਾਣਾ ਮਿੱਠਾ ਕਰ ਕੇ ਮੰਨੇ’। ਮੈਕਾਲਫ਼ ਦੇ ਕਥਨ ਅਨੁਸਾਰ, ‘ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੀ ਆਪਣੀ ਸ਼ਖਸੀਅਤ, ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ, ਖੁਸਰੋ ਦਾ ਸੁਭਾਵਕ ਆਦਰ ਕਰਨ ਅਤੇ ਜਹਾਂਗੀਰ ਦੀ ਤੰਗਦਿਲੀ ਅਤੇ ਤੁਅੱਸਬ ਕਾਰਨ ਸ਼ਹਾਦਤ ਦਾ ਪਿਆਲਾ ਪੀਣਾ ਪਿਆ ਹੈ’। ਟਰੰਪ ਨੇ ਇਸ ਸ਼ਹਾਦਤ ਨੂੰ ਸਿੱਖ ਇਤਿਹਾਸ ਵਿੱਚ ਮੋੜ (Turning Point) ਨਾਲ ਤੁਲਨਾ ਦਿੱਤੀ ਹੈ। ਉੱਘੇ ਇਤਿਹਾਸਕਾਰ ਸਯੱਦ ਐਮ ਲਤੀਫ਼ ਅਨੁਸਾਰ, ‘ਉਨ੍ਹਾਂ ਦੀ ਸ਼ਹਾਦਤ ਨਾਲ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਇੱਕ ਮੋੜ ਆਇਆ ਅਤੇ ਸਿੱਖਾਂ ਤੇ ਮੁਗਲਾਂ ਦੋਹਾਂ ਲਈ ਬੜੀ ਦੂਰ ਤੱਕ ਅਸਰ ਰੱਖਣ ਵਾਲੇ ਨਤੀਜੇ ਨਿਕਲੇ’। ਸੱਚਮੁੱਚ ਧੰਨ ਗੁਰੂ ਅਰਜਨ ਦੇਵ ਜੀ ਪਿਆਰ, ਸ਼ਰਧਾ, ਨਿਮਰਤਾ, ਸੇਵਾ ਅਤੇ ਕੁਰਬਾਨੀ ਦੇ ਪੁੰਜ ਸਨ।

-------000------

# ਸੇਵਾ


ਪ੍ਰੋਮੀਲਾ ਨਰੂਲਾ, ਕੈਲਗਰੀ (ਕੈਨੇਡਾ)

**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥** ਅੰਗ 286)

ਸੇਵਾ ਇਕ ਐਸਾ ਭਾਵ ਹੈ, ਜਿਸ ਨਾਲ ਪਿਆਰ, ਸਤਿਕਾਰ ਅਤੇ ਮਾਣ ਦਾ ਅਹਿਸਾਸ ਜੁੜਿਆ ਹੋਇਆ ਹੈ। ਇਹ ਸ਼ਬਦ ਹਲੀਮੀ ਅਤੇ ਸ਼ਰਧਾ ਨੂੰ ਦਰਸਾਉਂਦਾ ਹੈ। ਸੇਵਾ ਪਰੋਪਕਾਰ ਹੈ ਜਿਸ ਵਿਚ ਕੁਝ ਪਾਉਣ ਦੀ ਆਸ ਨਹੀਂ ਬਲਕਿ ਬਿਨਾ ਕਿਸੇ ਵੀ ਉਮੀਦ ਦੇ ਕੁਝ ਦੇਣਾ ਹੀ ਹੁੰਦਾ ਹੈ। ਸਿੱਖ ਦੇ ਜੀਵਨ ਵਿਚ ਸੇਵਾ ਬਹੁਤ ਮਹੱਤਵ ਰੱਖਦੀ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਦਿਆਂ, ਸਿੱਖ ਕੌਮ ਲਈ ਇਕ ਵਿਲੱਖਣ ਉਦਾਹਰਣ ਕਾਇਮ ਕੀਤੀ ਹੈ।

ਸੇਵਾ ਤਨ ਮਨ ਤੇ ਧਨ ਨਾਲ ਕੀਤੀ ਜਾ ਸਕਦੀ ਹੈ। ਤਨ ਦੀ ਸੇਵਾ ਸਰੀਰਕ ਮਿਹਨਤ ਕਰ ਕੇ ਕੀਤੀ ਜਾਂਦੀ ਹੈ। ਇਸ ਵਿਚ ਲੰਗਰ ਪਕਾਣਾ, ਸੰਗਤ ਨੂੰ ਵਰਤਾਣਾ, ਗੁਰਦੁਆਰਾ ਸਾਹਿਬ ਵਿਚ ਬਰਤਨ ਧੋਣਾ, ਸਫਾਈ ਕਰਨਾ, ਆਦਿ, ਵਰਗੇ ਕੰਮ ਆਂਉਦੇ ਹਨ। ਮਨ ਦੀ ਸੇਵਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੀਚਾਰ ਕਰਨਾ, ਗੁਰੂ ਦੇ ਦੱਸੇ ਮਾਰਗ ਅਤੇ ਉਪਦੇਸ਼ਾਂ ਨੂੰ ਮੰਨਣਾਂ ਸ਼ਾਮਲ ਹਨ। ਸਿੱਖ ਇਤਿਹਾਸ ਦਾ ਵਰਨਣ ਕਰਨਾ ਤੇ ਕੀਰਤਨ ਰਾਹੀਂ ਗੁਰੂ ਦਾ ਜਸ ਗਉਣਾ ਅਤੇ ਮਨ ਨੂੰ ਜੋੜਨਾ ਵੀ ਸੇਵਾ ਹੈ। ਗਰੀਬਾਂ ਨੂੰ ਦਾਨ ਪੁੰਨ ਕਰਨਾ ਅਤੇ ਜ਼ਰੂਰਤ-ਮੰਦਾਂ ਦੀਆ ਲੋੜ੍ਹਾਂ ਪੂਰੀਆਂ ਕਰਨੀ ਉੱਤਮ ਸੇਵਾ ਹੈ।

ਸਿੱਖ ਧਰਮ ਵਿਚ ਸੇਵਾ ਦੀ ਬਹੁਤ ਮਹੱਤਤਾ ਹੈ। ਗੁਰੂਆਂ ਦੀਆਂ ਕੁਰਬਾਨੀਆਂ, ਅਤੇ ਉਨ੍ਹਾਂ ਨੇ ਆਪਣੇ ਧਰਮ ਲਈ ਜੋ ਸੇਵਾ ਕੀਤੀ ਹੈ, ਉਸ ਦੇ ਸੈਂਕੜੇ ਉਦਾਹਰਣ ਸਿੱਖ ਇਤਿਹਾਸ ਤੇ ਸਾਖੀਆਂ ਤੋਂ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਗੁਰੂ ਹੀ ਨਹੀਂ ਹਨ ਬਲਕਿ ਦੂਸਰੀਆਂ ਕੌਮਾਂ ਵਿਚ ਵੀ ਉਨ੍ਹਾ ਨੂੰ ਆਪਣਾ ਗੁਰੂ ਪੀਰ ਮੰਨਿਆ ਜਾਂਦਾ ਹੈ। ਇਹ ਗੁਰੂ ਜੀ ਨੇ ਜੋ ਮੱਨੁਖਤਾ ਦੀ ਸੇਵਾ ਕੀਤੀ ਹੈ ਉਸਦਾ ਹੀ ਫ਼ਲ ਹੈ।



ਭਗਤ ਪੂਰਨ ਸਿੰਘ ਜੀ ਸੇਵਾ ਦੀ ਇਕ ਐਸੀ ਉਦਾਹਰਣ ਹਨ ਜਿਨ੍ਹਾਂ ਆਪਣਾ ਸਾਰਾ ਜੀਵਨ ਸੇਵਾ ਵਿਚ ਬਿਤਾਇਆ। ਪਿੰਗਲ ਵਾੜਾ ਦੀ ਸਥਾਪਨਾ ਕੀਤੀ। ਲਾਚਾਰ, ਪਿੰਗਲੇ ਤੇ ਬੇਸਹਾਰਾ ਹਜ਼ਾਰਾਂ ਲੋਕਾਂ ਨੂੰ ਇਸ ਰਾਹੀਂ ਹਰ ਰੋਜ਼ ਮਦਦ ਮਿਲ ਰਹੀ ਹੈ। ਅੱਜ ਤਕ ਲੱਖਾਂ ਗਰੀਬਾਂ ਤੇ ਰੋਗੀਆਂ ਦੀ ਓਥੇ ਮੁਫਤ ਦੇਖ ਭਾਲ ਹੋਈ ਹੈ। ਸੇਵਾ ਸਿੱਖ ਦੇ ਜੀਵਨ ਦਾ ਆਧਾਰ ਹੈ। ਗੁਰੂਆਂ ਦੇ ਵੇਲੇ ਤੋਂ ਸ਼ੁਰੂ ਹੋਇਆ ਇਹ ਉਪਰਾਲਾ ਸਿੱਖ ਕੌਮ ਆਪਣਾ ਫਰਜ਼ ਤੇ ਧਰਮ ਸਮਝ ਕੇ ਅੱਜ ਵੀ ਬਾਖ਼ੂਬੀ ਨਿਭਾ ਰਹੀ ਹੈ। ਕੋਵਿਡ ਦੀ ਮਹਾਂਮਾਰੀ ਨੇ ਜਦ ਲੋਕਾਂ ਤੇ ਕਹਿਰ ਦੇ ਵਕਤ ਸਿੱਖਾਂ ਨੇ ਵੱਡੀ ਗਿਣਤੀ ਵਿਚ ਵੈਂਟੀਲੇਟਰਾਂ ਤੇ ਆਕਸੀਜਨ ਦੀ ਸਪਲਾਈ ਮੁਫ਼ਤ ਕੀਤੀ। ਐਂਬੂਲੈਂਸਾਂ ਦੀ ਸਹੂਲੀਅਤ ਲੋੜਵੰਦਾਂ ਤਕ ਪੁਚਾ ਕੇ ਲੱਖਾਂ ਲੋਕਾਂ ਦੀ ਜਾਨ ਬਚਾਈ। ਕਿਰਸਾਨ ਅੰਦੋਲਨ ਦੌਰਾਨ ਹਰ ਦਿਨ ਲੰਗਰ ਦੀ ਸੇਵਾ ਕੀਤੀ ਤੇ ਲੱਖਾਂ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਪੁਚਾਈਆਂ। ਇਹ ਮਨੁੱਖਤਾ ਦੀ ਬੜੀ ਵੱਡੀ ਮਿਸਾਲ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ (ਮਹਲਾ 3, ਅੰਗ 552):

**ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥**

ਜੇ ਮਨੁੱਖ ਮਨ ਲਗਾ ਕੇ ਸਤਿਗੁਰ ਦੀ ਸੇਵਾ ਕਰੇ ਤਾਂ ਉਸਨੂੰ ਇਸ ਸੇਵਾ ਦਾ ਫ਼ਲ ਜ਼ਰੂਰ ਮਿਲਦਾ ਹੈ। ਮਨੁੱਖਤਾ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ।

# ਅਸਲੀ ਸੁੰਦਰਤਾ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਕੋਈ ਸਮਾਂ ਸੀ ਜਦੋਂ ਬੱਚਿਆਂ ਦੇ ਰਿਸ਼ਤੇ ਮਾਪੇ ਤਹਿ ਕਰਦੇ ਸਨ। ਉਸ ਵੇਲੇ ਲੜਕੀ ਦੇ ਖਾਨਦਾਨ ਦੀ ਪੂਰੀ ਛਾਣ- ਬੀਣ ਕੀਤੀ ਜਾਂਦੀ- ਤੇ ਉਸ ਤੋਂ ਹੀ ਲੜਕੀ ਦੇ ਗੁਣਾਂ ਦਾ ਅੰਦਾਜ਼ਾ ਲਾ ਲਿਆ ਜਾਂਦਾ। ਉਦੋਂ ਦੇਖਣ ਦਿਖਾਉਣ ਦਾ ਰਿਵਾਜ਼ ਨਹੀਂ ਸੀ ਹੁੰਦਾ। ਸੋ ਲੜਕੀ ਦੇ ਬਾਹਰੀ ਸੁਹੱਪਣ ਨੂੰ ਬਹੁਤੀ ਤਰਜੀਹ ਨਹੀਂ ਸੀ ਦਿੱਤੀ ਜਾਂਦੀ। ਇਸੇ ਕਾਰਨ ਬਹੁਤੇ ਬਜ਼ੁਰਗ ਜੋੜਿਆਂ ਵਿੱਚ ਕੱਦ-ਕਾਠ, ਵਿਦਿਅਕ ਯੋਗਤਾ, ਦਿਮਾਗੀ ਪੱਧਰ- ਆਦਿ ਦੇ ਲਿਹਾਜ਼ ਨਾਲ ਢੇਰ ਸਾਰਾ ਅੰਤਰ ਦਿਖਾਈ ਦਿੰਦਾ। ਐਪਰ ਇੰਨੇ ਵਖਰੇਵੇਂ ਹੁੰਦੇ ਹੋਏ ਵੀ, ਉਹ ਸਫਲ ਗ੍ਰਿਹਿਸਤ ਜੀਵਨ ਹੰਢਾਉਂਦੇ।

ਸਮੇਂ ਦੇ ਨਾਲ ਜ਼ਮਾਨਾ ਬਦਲਿਆ- ਸੋਚ ਬਦਲੀ। ਮੇਰੀ ਉਮਰ ਦੇ ਸਮੇਂ- ਲੜਕੇ ਲੜਕੀ ਨੂੰ ਦੇਖਣ ਦਾ ਰਿਵਾਜ਼ ਪਿਆ- ਉਹ ਵੀ ਸਾਰੇ ਪਰਿਵਾਰ ਦੀ ਹਾਜ਼ਰੀ ਵਿੱਚ। ਫਿਰ ਇਸ ਤੋਂ ਅੱਗੇ..ਸਾਡੇ ਬੱਚਿਆਂ ਦਾ ਸਮਾਂ..ਕੁਝ ਮਿੰਟ ਦੋਹਾਂ ਨੂੰ ਵੱਖਰੇ ਬਹਿ ਗੱਲ ਕਰਨ ਦਾ ਮੌਕਾ ਦੇਣਾ। ਤੇ ਹੁਣ ਉਸ ਤੋਂ ਵੀ ਅੱਗੇ ਮਹੀਨਿਆਂ ਬੱਧੀ ਚੈਟਿੰਗ ਕਰਦੇ ਰਹਿਣਾ..ਮਿਲਦੇ ਰਹਿਣਾ..ਇੱਕ ਦੂਜੇ ਨੂੰ ਜਾਨਣਾ- ਤੇ ਫਿਰ ਵਿਆਹ ਦਾ ਫੈਸਲਾ ਲੈਣਾ। ਪਰ ਅਫਸੋਸ ਕਿ ਇਸ ਦੇ ਬਾਵਜੂਦ ਵੀ, ਅਜੋਕੇ ਵਿਆਹ ਅਸਫਲ ਕਿਉਂ ਹੋ ਰਹੇ ਹਨ? ਇਹ ਵਿਚਾਰਨ ਦੀ ਲੋੜ ਹੈ।

ਇਸ ਦਾ ਇੱਕ ਕਾਰਨ ਇਹ ਵੀ ਹੈ ਕਿ- ਲੜਕਾ ਲੜਕੀ ਇੱਕ ਦੂਜੇ ਦੇ ਬਾਹਰੀ ਸੁਹੱਪਣ ਤੇ ਹੀ ਆਕ੍ਰਸ਼ਿਤ ਹੁੰਦੇ ਹਨ। ਮਾਪਿਆਂ ਵਲੋਂ ਵੀ ਰਿਸ਼ਤਾ ਜੋੜਨ ਵੇਲੇ, ਪਹਿਲ ਬਾਹਰੀ ਸੁੰਦਰਤਾ ਨੂੰ ਹੀ ਦਿੱਤੀ ਜਾਂਦੀ ਹੈ। ਲੜਕੇ ਵਾਲਿਆਂ ਦੀ ਪਹਿਲੀ ਮੰਗ ਇਹੀ ਹੁੰਦੀ-"ਲੜਕੀ ਸੁਹਣੀ ਸੁਨੱਖੀ ਹੋਵੇ!" ਤੇ ਅੰਦਰਲੇ ਗੁਣਾਂ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ। ਪਰ ਘਰ ਗ੍ਰਿਹਿਸਥੀ ਚਲਾਉਣ ਲਈ ਗੁਣਾਂ ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ।

ਲੜਕੀ ਦੇ ਨੈਣ-ਨਖਸ਼, ਰੰਗ- ਰੂਪ, ਉਮਰ, ਕੱਦ-ਕੱਠ- ਆਦਿ ਵਿੱਚ ਨਿੱਕੇ ਨਿੱਕੇ ਨੁਕਸ ਕੱਢ ਕੇ- ਲੜਕੇ ਵਾਲੇ, ਲੜਕੀ ਦੇ ਮਾਂ-ਬਾਪ ਦਾ ਦਿੱਲ ਤੋੜ ਦਿੰਦੇ ਹਨ- ਭਾਵੇਂ ਆਪਣੇ ਮੁੰਡੇ ਵਿੱਚ ਸੌ ਨੁਕਸ ਹੋਣ! ਮੈਂ ਬਹੁਤ ਸਾਰੇ ਐਸੇ ਪਰਿਵਾਰਾਂ ਨੂੰ ਜਾਣਦੀ ਹਾਂ- ਜਿਹਨਾਂ ਨੇ ਕਈ ਕੁੜੀਆਂ ਦੇਖਣ ਬਾਅਦ- ਜਿੱਥੇ ਰਿਸ਼ਤਾ ਕੀਤਾ- ਉਸ ਸੁਹਣੀ ਸੁਨੱਖੀ ਬਹੂ ਨੇ, ਆਉਂਦੇ ਸਾਰ ਹੀ ਘਰ ਵਿੱਚ ਸਭ ਦਾ ਨੱਕ ਵਿੱਚ ਦਮ ਕਰ ਦਿੱਤਾ। ਤੇ ਕਈ ਐਸੇ ਪਰਿਵਾਰ ਵੀ ਹਨ ਜਿੱਥੇ ਸਾਧਾਰਨ ਦਿੱਖ ਵਾਲੀ, ਸਾਂਵਲੀ ਸੂਰਤ ਵਾਲੀ ਕੁੜੀ ਨੇ, ਆਪਣੇ ਸਹੁਰਿਆਂ ਦੇ ਘਰ ਨੂੰ ਸਵਰਗ ਬਣਾ ਦਿੱਤਾ। ਹਾਂ ਜੇ ਕਿਸੇ ਵਿੱਚ ਸੂਰਤ ਤੇ ਸੀਰਤ ਦੇ ਦੋਵੇਂ ਗੁਣ ਹੋਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ- ਪਰ ਇਹ ਪ੍ਰਮਾਤਮਾ ਕਿਸੇ ਵਿਰਲੇ ਨੂੰ ਦਿੰਦਾ ਹੈ।

ਬਾਹਰੀ ਸੁੰਦਰਤਾ ਦੀ ਦੌੜ ਵਿੱਚ ਸ਼ਾਮਲ ਹੋਣ ਕਾਰਨ ਹੀ, ਇੰਨੇ ਬਿਊਟੀ ਪਾਰਲਰ ਹੋਂਦ ਵਿੱਚ ਆਏ ਹਨ। ਸਾਡੀਆਂ ਬੇਟੀਆਂ ਨੇ ਵੀ ਅੰਦਰਲੇ ਗੁਣਾਂ ਨੂੰ ਨਿਖਾਰਨ ਦੀ ਬਜਾਏ, ਸੁੰਦਰ ਦਿਖਣ ਤੇ ਹੀ ਸਾਰਾ ਜ਼ੋਰ ਲਾ ਦਿੱਤਾ ਹੈ- ਕਿਉਂਕਿ ਵਰ ਢੂੰਡਣ ਵੇਲੇ ਇਸੇ ਦਾ ਹੀ ਮੁੱਲ ਪੈਣ ਲੱਗ ਪਿਆ ਹੈ। ਦੂਜੀ ਗੱਲ- ਹੁਣ ਬੱਚੇ ਆਪ ਜੀਵਨ ਸਾਥੀ ਚੁਣਦੇ ਹਨ- ਮਾਪਿਆਂ ਨੇ ਤਾਂ ਉਸ ਤੇ ਮੋਹਰ ਹੀ ਲਾਉਣੀ ਹੁੰਦੀ ਹੈ- ਜਾਂ ਕਹਿ ਲਵੋ ਕਿ ਲਾਉਣੀ ਪੈਂਦੀ ਹੈ। ਮਾਪੇ ਵਿਚਾਰੇ ਤਾਂ ਬੱਚਿਆਂ ਦੇ ਮੂੰਹ ਵੱਲ ਵੇਖਦੇ ਰਹਿੰਦੇ ਹਨ- ਤੇ ਨਾਲ ਹੀ ਅੰਦਰੋਂ ਅੰਦਰੀਂ ਡਰਦੇ ਵੀ ਹਨ ਕਿ- ਇਹਨਾਂ ਨੂੰ ਜੀਵਨ ਦਾ ਤਜਰਬਾ ਨਹੀਂ..ਕਿਤੇ ਗਲਤ ਚੋਣ ਨਾ ਕਰ ਲੈਣ। ਬੱਚੇ ਫੈਸਲਾ ਲੈਣ ਵਿੱਚ ਕਈ ਵਾਰੀ..ਮਹੀਨੇ ਜਾਂ ਸਾਲਾਂ ਬੱਧੀ ਸਮਾਂ ਵੀ ਲਾ ਦਿੰਦੇ ਹਨ। ਤੇ ਕਈ ਵਾਰੀ ਇਸੇ ਦੌਰਾਨ ਉਹਨਾਂ ਦੀ ਵਿਆਹ ਦੀ ਯੋਗ ਉਮਰ ਵੀ ਨਿਕਲ ਜਾਂਦੀ ਹੈ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇੰਨਾ ਸੋਚ ਵਿਚਾਰਨ ਬਾਅਦ ਵੀ, ਬਹੁਤੇ ਕੇਸਾਂ ਵਿੱਚ ਰੂਹਾਂ ਦਾ ਮੇਲ਼ ਕਿਉਂ ਨਹੀਂ ਹੁੰਦਾ? ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਪਰ ਇੱਕ ਕਾਰਨ ਇਹ ਵੀ ਹੈ ਕਿ ਅਸਲ ਸੁੰਦਰਤਾ- ਜੋ ਹਰ ਇਨਸਾਨ ਦੇ ਅੰਦਰ ਹੈ- ਉਸ ਵੱਲ ਕਿਸੇ ਦਾ ਉੱਕਾ ਹੀ ਧਿਆਨ ਨਹੀਂ ਜਾਂਦਾ। ਜੇ ਉਹ ਦਿਸ ਪਵੇ ਤਾਂ ਛੋਟੀ ਛੋਟੀ ਗੱਲ ਦਾ ਇਸ਼ੂ ਬਣਾ ਕੇ, ਤਲਾਕ ਨਾ ਹੋਣ। ਲੈਲਾ ਵੀ ਰੰਗ ਦੀ ਕਾਲ਼ੀ ਸੀ, ਪਰ ਮਜਨੂੰ ਨੂੰ ਉਸੇ ਵਿੱਚ ਰੱਬ ਦਿਖਾਈ ਦਿੰਦਾ ਸੀ। ਵੈਸੇ ਵੀ ਜੇ ਹਰ ਬੰਦਾ (ਮਰਦ ਜਾਂ ਔਰਤ), ਇਹ ਜਾਣ ਜਾਵੇ ਕਿ ਹਰ ਇਨਸਾਨ ਰੱਬ ਦੀ ਬਣਾਈ ਮੂਰਤ ਹੈ ਤੇ ਸਭਨਾਂ ਦੇ ਅੰਦਰ ਉਸੇ ਦਾ ਹੀ ਵਾਸਾ ਹੈ- ਤਾਂ ਕਦੇ ਵੀ ਪਤੀ-ਪਤਨੀ ਜਾਂ ਨੂੰਹ ਸੱਸ ਦਾ ਝਗੜਾ ਨਾ ਹੋਵੇ। ਫਿਰ ਜਿਸ ਨੂੰ ਅਸੀਂ ਆਪਣਾ ਸਮਝ ਕੇ ਦਿਲੋਂ ਪਿਆਰ ਕਰੀਏ- ਉਸ ਵਿੱਚ ਚੰਗਿਆਈਆਂ ਆਪਣੇ ਆਪ ਨਜ਼ਰ ਆਉਣਗੀਆਂ- ਸ਼ਕਲ ਚਾਹੇ ਕਿਹੋ ਜਿਹੀ ਹੋਵੇ!

ਡਾਕਟਰ ਜਸਵੰਤ ਸਿੰਘ ਨੇਕੀ, ਦੀ ਇੱਕ ਬੜੀ ਪਿਆਰੀ ਜਿਹੀ ਲਿਖਤ ਯਾਦ ਆ ਗਈ। ਉਹ ਲਿਖਦੇ ਹਨ ਕਿ- ਉਹਨਾਂ ਦੇ ਇੱਕ ਅਜ਼ੀਜ਼ ਸਨ- ਬਹੁਤ ਪਿਆਰੇ, ਮਿੱਠ ਬੋਲੜੇ…ਸੁਹਣੇ ਸੁਨੱਖੇ- ਜਿਹਨਾਂ ਦਾ ਸਲੀਕੇ ਨਾਲ ਸਾਂਭਿਆ ਦਾਹੜਾ ਤੇ ਦਸਤਾਰ ਉਹਨਾਂ ਦੀ ਸ਼ਖ਼ਸੀਅਤ ਨੂੰ ਹੋਰ ਵੀ ਚਾਰ ਚੰਨ ਲਾਉਂਦੇ ਸਨ। ਉਹ ਜਦ ਵੀ ਕਦੇ ਆਪਣੀ ਘਰ ਵਾਲੀ ਦੀ ਗੱਲ ਕਰਦੇ ਤਾਂ ਪਿਆਰ ਨਾਲ 'ਸੁੰਦਰ ਜੀ' ਕਹਿ ਕੇ ਯਾਦ ਕਰਦੇ। ਇੱਕ ਵਾਰੀ ਨੇਕੀ ਸਾਹਿਬ ਤੇ ਉਹਨਾਂ ਦੀ ਧਰਮ ਪਤਨੀ ਕੰਵਰ, ਕਿਸੇ ਕਾਰਨ, ਉਹਨਾਂ ਦੇ ਸ਼ਹਿਰ ਗਏ ਤਾਂ ਪਤਨੀ ਕਹਿਣ ਲੱਗੀ ਕਿ-"ਮੈਂ ਤਾਂ'ਸੁੰਦਰ ਜੀ' ਨੂੰ ਮਿਲ ਕੇ ਜਾਣਾ…ਜਿਹਨਾਂ ਦੀ ਬਹੁਤ ਸਿਫਤ ਸੁਣੀ ਹੈ ਵੀਰ ਜੀ ਕੋਲੋਂ!" ਸੋ ਸਲਾਹ ਕਰ, ਉਹਨਾਂ ਦਿੱਤੇ ਪਤੇ ਤੇ ਜਾ ਦਰ ਖੜਕਾਇਆ। ਬੂਹਾ ਖੁਲ੍ਹਿਆ ਤਾਂ- ਇੱਕ ਮੋਟੀ ਜਿਹੀ ਗੂੜ੍ਹੇ ਸਾਂਵਲੇ ਰੰਗ ਦੀ ਔਰਤ, ਜਿਸ ਦੇ ਚਿਹਰੇ ਤੇ ਮਾਤਾ ਦੇ ਦਾਗ ਸਨ- ਬਾਹਰ ਝਾਕੀ।

---

## ਗੁਰੂ ਨਾਨਕ ਸਾਹਿਬ ਦੇ ਇਕ ਸ਼ਬਦ ਦੀ ਵਿਆਖਿਆ

ਵਲੋਂ


### ਡਾ. ਅਸਮਾ ਕਾਦਰੀ, ਪ੍ਰੋਫੈਸਰ

ਇੰਸਟੀਚਿਊਟ ਆਫ਼ ਪੰਜਾਬੀ ਐਂਡ ਕਲਚਰਲ ਸਟੱਡੀਜ਼
ਓਰੀਐਂਟਲ ਕਾਲਜ, ਪੰਜਾਬ ਯੂਨੀਵਰਸਿਟੀ
ਲਾਹੌਰ, ਪਾਕਿਸਤਾਨ (00923004119251

# ਸੰਤਾਂ ਦੇ ਹਲ਼

ਡਾ: ਬਲਦੇਵ ਸਿੰਘ ਖਹਿਰਾ ਸਰੀ (ਕੈਨੇਡਾ)



ਪਿੰਡ ਦੇ ਜਿਵੇਂ ਭਾਗ ਹੀ ਖੁੱਲ੍ਹ ਗਏ।ਇਲਾਕੇ ਦੇ ਮੰਨੇ-ਪਰਮੰਨੇ ਅਤੇ ਪਹੁੰਚੇ ਹੋਏ ਸੰਤਾਂ ਨੇ ਤਿੰਨ ਦਿਨਾਂ ਵਾਸਤੇ ਏਥੇ ਧਰਮ ਪਰਚਾਰ ਕਰਨਾ ਸੀ।ਪਹਿਲਾਂ ਪਿੰਡ ਦੇ ਇਕਾ-ਦੁੱਕਾ ਲੋਕ ਤੇ ਫਿਰ ਤਾਂ ਜਿਵੇਂ ਸੰਗਤਾਂ ਦਾ ਹੜ੍ਹ ਹੀ ਆ ਗਿਆਂ।ਮਹਾਂਪੁਰਖ ਧਿਆਨ ਨਾਲ ਗੱਲ ਸੁਣ ਕੇ ਏਹੋ ਬਚਨ ਕਰਦੇ,"ਉਹੀ ਕਰਨ ਵਾਲਾ ਹੈ,ਮੈਂ ਅਰਦਾਸ ਕਰਾਂਗਾ "

ਅਗਲੇ ਦਿਨ ਦੀਵਾਨ ਲੱਗਣਾ ਸੀ,ਭੀੜ ਸੰਭਾਲਿਆਂ ਨਹੀਂ ਸੰਭਲ ਰਹੀ ਸੀ।ਮਹਾਂਪੁਰਖਾਂ ਬਚਨ ਕੀਤਾ,"ਹੁਣ ਅਰਦਾਸ ਕਰਾਉਣ ਵਾਲੇ ਸੇਵਾਦਾਰ ਕੋਲ ਨਾਂ ਤੇ ਵੇਰਵਾ ਲਿਖਵਾ ਦੇਣ,ਕੱਲ੍ਹ ਨੂੰ ਸਭ ਦੀ ਅਰਦਾਸ ਇਕੱਠੀ ਹੀ ਨਾਵਾਂ ਦੇ ਨਾਲ ਕਰ ਦਿਆਂਗੇ। "

ਕਤਾਰ ਲੰਮੀ ਹੋ ਗਈ,ਇਕ ਬੁੱਢੀ ਮਾਈ ਮਸਾਂ ਹੀ ਸੇਵਾਦਾਰ ਕੋਲ ਉਪੜੀ ਤੇ ਕੋਲ ਬੈਠਦਿਆਂ ਬੋਲੀ, "ਵੇ ਭਾਈ!ਮੇਰਾ ਇਕੋ ਇਕ ਪੁੱਤ,ਚੰਗਾ ਭਲਾ ਕਮਾਉਂਦਾ ਖਾਂਦਾ,ਦੋ ਸਾਲ ਹੋ'ਗੇ,ਪਤਾ ਨਹੀਂ ਕਿੱਥੇ ਚਲਿਆ ਗਿਆ,ਕੋਈ ਉੱਘ-ਸੁੱਘ ਨਹੀਂ ਦਿੰਦਾ,ਬੁਢੀ ਦੀ ਕੋਈ ਨਹੀਂ ਸੁਣਦਾ। "

"ਦੇਖ ਬੇਬੇ!ਮੈਂ ਤਾਂ ਸੁਣ ਲਈ ਨਾ!ਹੁਣ ਇਉਂ ਕਰ ਛੇਤੀ ਨਾਲ ਪੰਜ ਸੌ ਇਕ ਰੁਪਏ ਕੱਢ,ਅਰਦਾਸ ਵਾਲਿਆਂ ਵਿਚ ਤੇਰਾ ਵੀ ਨਾਂ ਲਿਖਾਂ,ਕੀ ਨਾਂ ਐ ਤੇਰਾ ?"

ਮਾਈ ਦਾ ਟਿਕਾਣੇ ਆਇਆ ਚਿੱਤ ਫਿਰ ਘਿਰਨ ਲੱਗ ਪਿਆ,"ਵੇ ਪੁੱਤ! ਅਰਦਾਸ ਦੇ ਐਨੇ ਪੈਸੇ?"
"ਬੇਬੇ! ਸੰਤਾਂ ਦੇ ਕਿਹੜਾ ਹਲ਼ ਵਗਦੇ ਐ..ਸੰਗਤਾਂ ਨੇ ਈ..."

------------

## ਦੁੱਖਾਂ ਦੀ ਜੜ੍ਹ – ' ਦੂਜਾ– ਭਾਉ '

ਉਂਕਾਰ ਸਿੰਘ ਟਿਵਾਣਾ, ਬ੍ਰੈਂਟਫੋਰਡ, ਓਨਟਾਰੀਓ (ਕੈਨੇਡਾ)



ਛੋਟੇ ਬੱਚੇ ਨੂੰ ਆਪਣੇ ਆਪ ਦੀ ਸੋਝੀ ਨਹੀਂ ਹੁੰਦੀ। ਉਸ ਨੂੰ ਖੁਦ ਦੀ ਸੋਚ, ਫਿਕਰ, ਸਿਆਣਪ ਤੇ ਉੱਦਮ ਦੀ ਲੋੜ ਇਸ ਲਈ ਨਹੀਂ ਪੈਂਦੀ ਕਿਉਂਕਿ ਉਹ ਭੋਲੇ ਭਾਇ, ਸਹਿਜ ਸੁਭਾਅ ਮਾਂ ਉੱਤੇ ਕੁਦਰਤੀ ਸ਼ਰਧਾ ਭਾਵਨੀ ਰੱਖਦਾ ਹੈ। ਉਸ ਦਾ ਅਪਣੀ ਪਾਲਨਹਾਰ ਤੇ ਸ਼ੁੱਭ ਚਿੰਤਕ ਜਣਨੀ ਤੇ ਦ੍ਰਿੜ ਵਿਸ਼ਵਾਸ ਹੁੰਦਾ ਹੈ। ਮਾਂ ਦੀ ਮਮਤਾ ਭਰੀ ਨਿੱਘੀ ਗੋਦ ਵਿੱਚ ਹਸਦਿਆਂ, ਖੇਡਦਿਆਂ ਨਿਸਚਿੰਤ ਵਧਦਾ ਰਹਿੰਦਾ ਹੈ। ਮਾਂ-ਬੱਚੇ ਦੇ ਪਿਆਰ ਅਤੇ ਖਿੱਚ ਦਾ ਇਹ ਅਲੌਕਿਕ ਇਲਾਹੀ ਕ੍ਰਿਸ਼ਮਾ, 'ਗੁਰ ਪ੍ਰਸਾਦਿ' ਹੈ।

ਉਮਰ ਦੇ ਵਧਣ ਨਾਲ ਬੱਚਾ ਆਪਣੇ ਆਪ ਨੂੰ ਸਿਆਣਾ, ਸਵੈ ਨਿਰਭਰ ਸਮਝਦਿਆਂ 'ਆਪ-ਹੁਦਰਾ' ਹੋ ਕੇ ਮਾਂ-ਬਾਪ ਦਾ ਆਸਰਾ ਛੱਡ ਦਿੰਦਾ ਹੈ। ਇਸੇ ਤਰ੍ਹਾਂ ਅਸੀਂ ਅਪਣੀ ਹਉਮੈ ਦੇ ਭਰਮ ਭੁਲਾਵੇ ਅਧੀਨ " ਕਰਤੇ " ਤੋਂ ਬੇਮੁੱਖ ਹੋ ਮਾਇਆ ਦੇ ਚਿਲਕਵੇਂ ਪਰਛਾਵੇਂ ਹੇਠ ਗਲਤਾਨ ਹੋ ਕੇ ਸਾਰੇ ਦੈਵੀ ਗੁਣਾਂ ਤੋਂ ਵਾਂਝੇ ਹੋ ਹਰ ਤਰ੍ਹਾਂ ਦੇ ਦੁੱਖ ਭੋਗਦੇ ਹਾਂ। ਇਹ ਪਰਮਾਤਮਾ ਨੂੰ ਭੁੱਲਣਾ ਹੀ " ਦੂਜਾ- ਭਾਉ "/ " ਦੂਜਾ- ਦੋਇ"/ "ਦੁਯੀ ਕੁਦਰਤਿ " ਹੈ।

**ਲਿਵ ਛੁੜਕੀ ਲਗੀ ਤ੍ਰਿਸ਼ਨਾ ਮਾਇਆ ਅਮਰੁ ਵਰਤਾਇਆ ॥**

**ਏਹ ਮਾਇਆ ਜਿਤਿ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥ (ਪੰ 921)**

ਮੰਨ ਲਓ ਇਕ ਰਾਜ ਘਰਾਣੇ ਦਾ ਸ਼ਹਿਜਾਦਾ ਗੁਆਚ ਕੇ ਆਮ ਜਿਹੀ ਜਿੰਦਗੀ ਜੀ ਰਿਹਾ ਹੋਵੇ। ਉਸਨੂੰ ਇਹ ਦੱਸਣ ਤੇ ਵੀ ਕਿ ਤੂੰ ਵੱਡੇ ਮਹਿਲਾਂ ਦਾ ਉੱਤਰ-ਅਧਿਕਾਰੀ ਹੈ, ਯਕੀਨ ਨਾ ਕਰਕੇ ਸਧਾਰਨ, ਦੁੱਖਾਂ ਵਾਲਾ ਜੀਵਨ ਬਤੀਤ ਕਰੇ ; ਇਸੇ ਤਰ੍ਹਾਂ ਅਸੀਂ ਪ੍ਰਭੂ ਤੋਂ ਵਿਛੜ ਕੇ " ਦੂਜੇ ਭਾਉ " ਵਾਲਾ ਜੀਵਨ ਜੀ ਰਹੇ ਹਾਂ। ਗੁਰਬਾਣੀ ਸਾਨੂੰ ਪੈਰ ਪੈਰ ਤੇ ਸੰਕੇਤ ਦਿੰਦੀ ਹੈ ਪਰੰਤੂ ਅਸੀਂ ਗੁਰਬਾਣੀ ਪੜ੍ਹਦਿਆਂ, ਸੁਣਦਿਆਂ, ਵਿਚਾਰਦਿਆਂ ਇਸ ਅੰਤਰਮੁਖੀ ਸਚਾਈ ਤੋਂ ਵਾਂਝੇ ਰਹਿ ਰਹੇ ਹਾਂ। ਗੁਰਬਾਣੀ ਤੋਂ ਸੇਧ ਨਹੀਂ ਲੈਂਦੇ-

**ਅਵਰਿ ਕਾਜ ਤੇਰੇ ਕਿਤੇ ਨਾ ਕਾਮ॥ ਮਿਲੁ ਸਾਧ ਸੰਗਤਿ ਭਜ ਕੇਵਲ ਨਾਮ॥ ( ਪੰ 12 )**

**ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥ ( ਪੰ 188 )**

**ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ॥ ਮਾਇਆ ਮੂਠਾ ਸਦਾ ਬਿਲਲਾਇ॥ ( ਪੰ 1176 )**

**ਹਉਮੈ ਮਮਤਾ ਬਹੁ ਮੋਹੁ ਵਧਾਇਆ॥ ਦੂਜੇ ਭਾਇ ਮਨਮੁਖਿ ਦੁਖੁ ਪਾਇਆ॥ ( ਪੰ 1261 )**

# ਅਦੁਤੀ ਜਰਨੈਲ ਸਰਦਾਰ ਬਘੇਲ ਸਿੰਘ (1730 – 1802)

ਡਾ. (ਰਿਟਾ. ਕਰਨਲ) ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ (ਭਾਰਤ)



ਸਿੱਖ ਰਾਜ ਦੀ ਸਥਾਪਨਾ ਬਾਬਾ ਬੰਦਾ ਸਿੰਘ ਨੇ ਮਈ 1710 ਵਿਚ ਸਰਹੰਦ ਉਤੇ ਕਬਜ਼ੇ ਨਾਲ ਕਰ ਦਿਤੀ ਸੀ ਪਰ ਉਸ ਦੇ 1715 ਵਿਚ ਗ੍ਰਿਫਤਾਰ ਹੋਣ ਤੇ ਮੁਗਲਾਂ ਨੇ ਫਿਰ ਸਿੱਖਾਂ ਉਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਰ ਸਿੱਖ ਨਾ ਝੁਕੇ ਤੇ ਨਾ ਦਬੇ। ਲਹੌਰ ਦੇ ਗਵਰਨਰ ਮੀਰ ਮੰਨੂ ਵੇਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਪਰ ਸਿੱਖ ਗਉਂਦੇ ਸਨ: ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ, ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ। ਸਨ 1716 ਤੋਂ 1765 ਦੌਰਾਨ ਦੋ ਘਲੂਘਾਰੇ (ਇਕ ਵੱਡਾ ਤੇ ਦੂਜਾ ਛੋਟਾ ਘਲੂਘਾਰਾ) ਹੋਏ ਜਿਨ੍ਹਾਂ ਵਿਚ 40 ਹਜ਼ਾਰ ਤੋਂ ਉਪਰ ਸਿੱਖ ਸ਼ਹੀਦ ਹੋਏ। ਤੰਗ ਆ ਕੇ ਮੁਗਲਾਂ ਨੂੰ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਉਣਾ ਪਿਆ, ਤੇ ਉਨ੍ਹਾਂ ਨੇ ਸਿੱਖਾਂ ਨੂੰ ਨਵਾਬੀ ਭੇਟ ਕੀਤੀ ।

ਸਰਦਾਰ ਬਘੇਲ ਸਿੰਘ ਨੇ ਸਿੱਖਾਂ ਦੇ ਅਤਿ ਮੁਸ਼ਕਲਾਂ ਵਾਲੇ ਸਮੇਂ ਸਿੱਖੀ ਦੀਆਂ ਜੜ੍ਹਾਂ ਪੱਕੀਆਂ ਕਰਨ ਵਿੱਚ ਭਰਪੂਰ ਹਿੱਸਾ ਪਾਇਆ ਅਤੇ ਸਿੱਖਾਂ ਦਾ ਪ੍ਰਭਾਵ ਅਵਧ, ਉਤਰਾ-ਖੰਡ ਤੇ ਦਿੱਲੀ ਤੱਕ ਫੈਲਾਇਆ। ਜੇ ਦੁਆਬਾ, ਮਾਝਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਫੈਲਾਉਣ ਦੀ ਪਿੱਠ-ਭੂਮੀ ਬਣੇ, ਮਾਲਵਾ ਫੂਲਕੀਆਂ ਰਿਆਸਤਾਂ ਦੇ ਵਧਣ ਫੂਲਣ ਦਾ ਮੈਦਾਨ ਬਣਿਆ। ਸਰਦਾਰ ਬਘੇਲ ਸਿੰਘ ਸਦਕਾ ਸਿੱਖਾਂ ਨੇ 17 ਮਾਰਚ, 1783 ਲਾਲ ਕਿਲ੍ਹੇ ਉੱਤੇ ਸਿੱਖਾਂ ਦਾ ਝੰਡਾ ਜਾ ਫਹਿਰਾਇਆ। ਦਿੱਲੀ ਦੀ ਚੁੰਗੀ ਉਗਰਾਉਣ ਦਾ ਹੱਕ ਉਸ ਨੂੰ ਸਾਰੀ ਉਮਰ ਮਿਲਿਆ ਰਿਹਾ। ਮਰਾਠਿਆਂ ਨਾਲ ਦਿੱਲੀ ਦੇ ਰਾਜ ਪ੍ਰਬੰਧ ਬਾਰੇ ਸਿੱਖਾਂ ਨਾਲ ਸਮਝੌਤ ਬਘੇਲ ਸਿੰਘ ਨੇ ਹੀ ਕੀਤਾ ਸੀ ਜਿਸ ਪਿਛੋਂ ਦਿੱਲੀ ਤੋਂ ਉਤਰ ਵੱਲ ਦਾ ਸਾਰਾ ਇਲਾਕਾ ਸਿੱਖਾਂ ਦੇ ਅਧੀਨ ਆ ਗਿਆ ਜਿਸ ਵਿੱਚ ਸਾਰਾ ਹਰਿਆਣਾ ਸ਼ਾਮਿਲ ਸੀ।

ਸਰਦਾਰ ਬਘੇਲ ਸਿੰਘ ਦਾ ਜਨਮ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਵਿਖੇ ਹੋਇਆ। ਉਹ ਤਰੱਕੀ ਕਰਕੇ ਸਤਲੁਜ ਦੇ ਦੱਖਣੀ ਖੇਤਰ ਵਿੱਚ ਦਲ ਖਾਲਸਾ ਦਾ ਲੀਡਰ ਬਣ ਗਿਆ। ਜਦ ਮਿਸਲਾਂ ਬਣੀਆਂ ਤਾਂ ਉਹ ਕ੍ਰੋੜਸਿੰਘੀਆ ਮਿਸਲ ਵਿੱਚ ਸ਼ਾਮਲ ਹੋ ਗਿਆ। ਸੰਨ 1765 ਵਿੱਚ ਕ੍ਰੋੜਾ ਸਿੰਘ ਤੋਂ ਬਾਅਦ ਬਘੇਲ ਸਿੰਘ ਨੂੰ ਸਰਬ-ਸੰਮਤੀ ਨਾਲ ਮਿਸਲ ਦਾ ਜੱਥੇਦਾਰ ਚੁਣ ਲਿਆ ਗਿਆ। ਸੱਠ ਸਾਲ ਉਸ ਨੇ ਇਹ ਜੱਥੇਦਾਰੀ ਨਿਭਾਹੀ ਤੇ ਇਸ ਮਿਸਲ ਨੂੰ ਆਪਣੀ ਸੂਝ-ਬੂਝ ਨਾਲ ਸਿੱਖਾਂ ਵਿੱਚ ਹੀ ਨਹੀਂ, ਬਲਕਿ ਸਾਰੇ ਹਿੰਦੁਸਤਾਨ ਵਿੱਚ ਇੱਕ ਉੱਚਾ ਨਾਮ ਦਿਵਾਇਆ।

ਤਿੰਨ ਜਰਨੈਲਾਂ ਨਾਲ ਮਿਲ ਕੇ ਇਸ ਨੇ ਮੁਲਤਾਨ ਤੇ ਨਰੈਣਗੜ੍ਹ ਦੇ ਇਲਾਕੇ ਜਿੱਤੇ। ਮੁੜਦੇ ਵਕਤ ਉਸ ਨੇ ਜਲੰਧਰ ਦੁਆਬ ਉਤੇ ਅਧਿਕਾਰ ਜਮਾ ਲਿਆ। ਜਨਵਰੀ 1769 ਵਿਚ ਉਸ ਨੇ ਕਰਨਾਲ ਤੱਕ ਹਮਲਾ ਕਰਕੇ ਖੁਰਦੀਨ, ਖਨੌਰੀ, ਛਲੌਦੀ, ਜਮੈਤਗੜ੍ਹ ਆਦਿ ਦੇ ਇਲਾਕੇ (ਜਿਨ੍ਹਾਂ ਦੀ ਸਾਲਾਨਾ ਆਮਦਨ ਉਸ ਵੇਲੇ ਦੇ ਤਿੰਨ ਲੱਖ ਰੁਪਏ ਸੀ), ਜਿੱਤ ਕੇ ਆਪਣੇ ਕਬਜ਼ੇ ਵਿੱਚ ਕਰ ਲਏ। ਇਸ ਵੇਲੇ ਤੱਕ ਉਸ ਕੋਲ 12,000 ਘੋੜ ਸਵਾਰਾਂ ਤੋਂ ਇਲਾਵਾ ਬਹੁਤ ਵੱਡੀ ਪੈਦਲ ਫੌਜ ਸੀ। ਸ੍ਰ: ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ 40,000 ਦੀ ਫੌਜ ਲੈ ਕੇ ਸਹਾਰਨਪੁਰ, ਮੁਜ਼ੱਫਰਪੁਰ ਤੇ ਮੇਰਠ ਦੇ ਇਲਾਕੇ ਜਿੱਤੇ। ਫਿਰ ਗੰਗਾ ਪਾਰ ਕਰਕੇ ਨਜੀਬਾਬਾਦ, ਮੁਰਾਦਾਬਾਦ ਤੇ ਅਨੂਪ ਸ਼ਹਿਰ ਦੇ ਇਲਾਕਿਆਂ ਉਪਰ ਆਪਣਾ ਸਿੱਕਾ ਜਮਾ ਲਿਆ। ਸੰਨ 1775 ਵਿੱਚ ਬਿਆਸ ਦੇ ਆਸ ਪਾਸ ਦਾ ਇਲਾਕਾ ਤੇ ਸੰਨ 1792 ਵਿੱਚ ਉਸ ਨੇ ਤਰਨਤਾਰਨ, ਸਭਰਾਉਂ ਤੇ ਸਰਹਾਲੀ ਆਪਣੇ ਕਬਜ਼ੇ ਵਿੱਚ ਕਰ ਲਏ।

ਸਰਦਾਰ ਬਘੇਲ ਸਿੰਘ ਦੂਸਰੇ ਸਿੱਖ ਸਰਦਾਰਾਂ ਨਾਲ ਮਿਲ ਕੇ ਫਿਰ ਜਮਨਾ ਪਾਰ ਕਰ ਕੇ ਪੰਜਾਬ ਆ ਗਿਆ। ਸਰਦਾਰ ਬਘੇਲ ਸਿੰਘ ਨੇ  ਨਵਾਬ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆਂ ਨਾਲ ਮਿਲ ਕੇ ਅਬਦਾਲੀ ਉਪਰ ਉਸ ਦੇ ਨੌਵੇਂ ਹਮਲੇ ਸਮੇਂ ਦਰਿਆ ਜਿਹਲਮ ਦੇ ਕਿਨਾਰੇ ਤੇ ਜਾ ਧਾਵਾ ਬੋਲਿਆ। ਫਿਰ ਇਨ੍ਹਾਂ ਤਿਨਾਂ ਨੇ ਮਿਲਕੇ ਦੁਰਾਨੀ ਦੀਆਂ ਫੌਜਾਂ ਦਾ ਪਿੱਛਾ ਕੀਤਾ, ਅਤੇ ਉਨ੍ਹਾਂ ਨੂੰ ਹਰਾਇਆ। ਇਨ੍ਹਾਂ ਨੇ ਅਬਦਾਲੀ ਵਲੋਂ ਮਥੁਰਾ, ਵਰਿੰਦਾਵਨ, ਆਗਰਾ ਅਤੇ ਦਿੱਲੀ ਤੋਂ ਫੜੀਆਂ ਗਈਆਂ 17,000 ਲੜਕੀਆਂ ਨੂੰ ਰਿਹਾ ਕਰਾਇਆ ਅਤੇ ਉਨ੍ਹਾਂ ਨੂੰ ਹਰੇਕ ਦੇ ਘਰ ਭੇਜਣ ਦਾ ਪ੍ਰਬੰਧ ਕੀਤਾ। ਬਹੁਤ ਭਾਰੀ ਗਿਣਤੀ ਵਿੱਚ ਕੈਦ ਕੀਤੇ ਆਦਮੀ ਅਤੇ ਇਸਤਰੀਆਂ ਛੁੜਾ ਕੇ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਸੁਰਖਿਅਤ ਪਹੁੰਚਾਇਆ।

ਉਸ ਸਮੇ ਇਨ੍ਹਾਂ ਇਲਾਕਿਆਂ ਵਿਚ ਕਈ ਗੁਰਦੁਆਰੇ ਮੌਜੂਦ ਸੀ ਪਰ ਪਹਿਲਾਂ ਸਨਿਆਸੀਆਂ ਅਤੇ ਫਿਰ ਉਦਾਸੀਆਂ ਦੁਆਰਾ ਇਨ੍ਹਾਂ ਨੂੰ ਸੰਭਾਲ ਲਿਆ ਗਿਆ ਸੀ। ਹੌਲੀ-ਹੌਲੀ ਕਈ ਸਿੱਖ ਗੁਰਦੁਆਰਿਆਂ ਵਿਚ ਹਿੰਦੂ ਰੀਤੀ ਰਿਵਾਜ ਅਤੇ ਮੂਰਤੀ ਪੂਜਾ ਵੀ ਅਰੰਭ ਹੋ ਗਈ ਅਤੇ ਇਨ੍ਹਾਂ ਨੂੰ ਸ਼ਿਵ ਮੰਦਰਾਂ ਵਿਚ ਬਦਲ ਦਿੱਤਾ ਗਿਆ। ਸਰਦਾਰ ਬਘੇਲ ਸਿੰਘ ਨੇ ਇਨ੍ਹਾਂ ਨੂੰ ਸਿੱਖਾਂ ਹਵਾਲੇ ਕੀਤਾ।

8 ਮਾਰਚ, 1783 ਬਘੇਲ ਸਿੰਘ ਨੇ 40, 000 ਫੌਜ ਨਾਲ ਜਮੁਨਾ ਕੰਢੇ ਦੇ ਘਾਟ ਉਤੇ ਕਬਜ਼ਾ ਕਰ ਲਿਆ। ਫਿਰ ਮਲਕ ਗੰਜ, ਸਬਜ਼ੀ ਮੰਡੀ, ਮੁਗਲਪੁਰਾ ਤੇ ਮੈਹਤਾਬਪੁਰਾ ਜਾ ਘੇਰੇ। ਸਿੱਖ ਅਜਮੇਰੀ ਗੇਟ ਰਾਹੀਂ ਦਿੱਲੀ ਵਿੱਚ ਜਾ ਦਾਖ਼ਲ ਹੋਏ ਤੇ ਹੌਜ਼ ਕਾਜ਼ੀ ਲੈ ਲਿਆ। ਜਰਨੈਲ ਬਘੇਲ ਸਿੰਘ ਨੇ ਜਿਥੇ ਆਪਣੇ ਤੀਹ ਹਜ਼ਾਰ ਸਿਪਾਹੀ ਰੱਖੇ ਸਨ ਉਹ ਹੁਣ ਤੀਸ ਹਜ਼ਾਰੀ ਨਾਮ ਨਾਲ ਪ੍ਰਸਿੱਧ ਹੈ। ਉਥੇ ਦਾ ਹਾਕਮ ਸ਼ਾਹ ਆਲਮ ਜਾਨ ਬਚਾਉਣ ਲਈ ਕਿਧਰੇ ਜਾ ਛੁਪਿਆ।

ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ ਉਤੇ ਬਿਠਾਇਆ ਗਿਆ ਤੇ ਮੋਰ ਪੰਖ ਝੁਲਾਏ ਗਏ। ਇਸ ਵੇਲੇ 12 ਮਾਰਚ ਨੂੰ ਸਮਰੋ ਬੇਗਮ ਦਿੱਲੀ ਆ ਗਈ ਤੇ ਉਸ ਨੇ ਸ਼ਾਹ ਆਲਮ ਦੂਜੇ ਨੂੰ ਸਿੱਖਾਂ ਬਾਰੇ ਦੱਸਿਆ ਤੇ ਜਰਨੈਲ ਬਘੇਲ ਸਿੰਘ ਨਾਲ ਗੱਲ ਕਰਨ ਲਈ ਕਿਹਾ। ਜਰਨੈਲ ਬਘੇਲ ਸਿੰਘ ਨੂੰ ਮਿਲ ਕੇ ਬੇਗਮ ਸਮਰੋ ਨੇ ਬਾਦਸ਼ਾਹ ਤੋਂ ਇਹ ਸ਼ਰਤਾਂ ਮਨਵਾਈਆਂ।

(ੳ) ਖਾਲਸੇ ਨੂੰ ਤਿੰਨ ਲੱਖ ਰੁਪਏ ਇਵਜ਼ਾਨਾ ਜੁਰਮਾਨੇ ਵਜੋਂ ਦਿੱਤਾ ਜਾਵੇਗਾ।

(ਅ) ਸ੍ਰ. ਬਘੇਲ ਸਿੰਘ ਦਿੱਲੀ ਵਿੱਚ ਚਾਰ ਹਜ਼ਾਰ ਸਿਪਾਹੀ ਰੱਖ ਸਕਦਾ ਹੈ। ਉਸ ਦਾ ਦਫ਼ਤਰ ਸਬਜ਼ੀ ਮੰਡੀ ਹੋਵੇਗਾ।

(ੲ) ਸ੍ਰ. ਬਘੇਲ ਸਿੰਘ ਸੱਤ ਸਿੱਖ ਇਤਿਹਾਸਕ ਗੁਰਦੁਆਰੇ ਬਨਾਉਣਗੇ ਤੇ ਪੂਰਨਤਾ ਤੇ ਉਹ ਵਾਪਸ ਚਲਾ ਜਾਵੇਗਾ।

(ਸ) ਸ੍ਰ. ਬਘੇਲ ਸਿੰਘ ਸਾਰੀ ਦਿੱਲੀ ਦੀ ਚੁੰਗੀ ਉਗਰਾਹੇਗਾ ਜਿਸ ਵਿੱਚੋਂ ਗੁਰਦੁਆਰੇ ਬਣਾਏ ਜਾਣਗੇ।

(ਹ) ਦਿੱਲੀ ਵਿੱਚ ਰਹਿੰਦੇ ਹੋਏ ਸਿੱਖ ਕੋਈ ਲੁੱਟ-ਖੋਹ ਨਹੀਂ ਕਰਨਗੇ।

ਸਮਝੌਤੇ ਪਿਛੋਂ ਸਰਦਾਰ ਬਘੇਲ ਸਿੰਘ ਨੇ ਸੱਤ ਗੁਰਦੁਆਰੇ (ਮਾਤਾ ਸੁੰਦਰੀ, ਮਜਨੂੰ ਟਿਲਾ, ਮੋਤੀ ਬਾਗ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਬਾਲਾ ਸਾਹਿਬ) ਪਹਿਲ ਦੇ ਆਧਾਰ ਉਤੇ ਉਸਾਰੇ। ਸਰਦਾਰ ਬਘੇਲ ਸਿੰਘ ਦੀ ਮੌਤ ਸਨ 1800 ਵਿੱਚ ਹੋਈ ਦੱਸੀ ਜਾਂਦੀ ਹੈ। ਇਸ ਤਰ੍ਹਾਂ ਸਿੱਖ ਰਾਜ ਦਾ ਇੱਕ ਉਜੱਲ ਸਿਤਾਰਾ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾ ਕੇ ਇਹ ਬਹਾਦੁਰ ਸਿੱਖ ਜਰਨੈਲ ਰੱਬ ਨੂੰ ਪਿਆਰਾ ਹੋ ਗਿਆ।


## ਭਗਤ ਪੂਰਨ ਸਿੰਘ ਜੀ

## (One-man Humantarian Army)

ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਨੂੰ ਲੁਧਿਆਣਾ ਦੇ ਪਿੰਡ ਰਾਜੇਵਾਲ ਵਿੱਚ ਇੱਕ ਸਨਾਤਨੀ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ, ਲਾਲਾ ਸ਼ਿਬੂ ਮੱਲ, ਇੱਕ ਸ਼ਾਹੂਕਾਰ ਸਨ। ਭਗਤ ਜੀ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ। ਉਨ੍ਹਾਂ ਦੀ ਮਾਂ ਮਹਿਤਾਬ ਕੌਰ ਨੇ ਸਾਰੀ ਮਨੁੱਖ ਜਾਤੀ, ਜਾਨਵਰਾਂ, ਪੰਛੀਆਂ, ਰੁੱਖਾਂ, ਬਨਸਪਤੀ ਅਤੇ ਜੀਵ-ਜੰਤੂਆਂ ਲਈ ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿਚ ਪਿਆਰ ਅਤੇ ਹਮਦਰਦੀ ਦੀਆਂ ਡੂੰਘੀਆਂ ਭਾਵਨਾਵਾਂ ਪੈਦਾ ਕੀਤੀਆਂ। ਉਹ ਪੁੱਤਰ ਦੇ ਜਨਮ ਦਿਨ 'ਤੇ ਛੋਟੀਆਂ ਕੁੜੀਆਂ ਨੂੰ ਸੱਦਾ ਦਿੰਦੇ। ਪਰ ਉਨ੍ਹਾਂ ਨੂੰ ਚੰਗਾ ਭੋਜਨ ਪਰੋਸਣ ਤੋਂ ਪਹਿਲਾਂ, ਉਹ ਰਾਮਜੀ ਦਾਸ ਤੋਂ ਉਨ੍ਹਾਂ ਦੇ ਪੈਰ ਧੋਣ ਲਈ ਕਹਿੰਦੇ ਅਤੇ ਔਰਤਾਂ ਦਾ ਸਤਿਕਾਰ ਕਰਨਾ ਸਿਖਾਉਂਦੇ।

ਰਾਮਜੀ ਦਾਸ ਦੇ ਮਾਤਾ-ਪਿਤਾ 1905 ਦੀ ਪਲੇਗ ਦੌਰਾਨ, ਘਰ-ਘਰ ਜਾ ਕੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖਦੇ। 1913 ਦੇ ਸੋਕੇ ਸਮੇਂ ਉਨ੍ਹਾਂ ਵੱਲੋਂ ਲੋੜਵੰਦਾਂ ਦੀ ਮਦਦ ਵਜੋਂ ਬਹੁਤ ਸਾਰਾ ਪੈਸਾ ਦਾਨ ਦਿੱਤਾ ਗਿਆ। 1916-1923 ਦੌਰਾਨ ਰਾਮਜੀ ਦਾਸ ਨੂੰ ਖੰਨਾ ਦੇ ਇੱਕ ਸਕੂਲ ਵਿੱਚ ਭੇਜਿਆ ਗਿਆ ਤੇ 1923 ਵਿੱਚ ਉਨ੍ਹਾਂ ਦਸਵੀਂ ਦੀ ਪ੍ਰੀਖਿਆ ਦਿੱਤੀ। ਵਾਪਸ ਆਉਂਦੇ ਸਮੇਂ, ਉਹ ਮੱਥਾ ਟੇਕਨ ਲਈ ਇੱਕ ਮੰਦਰ ਵਿੱਚ ਦਾਖਲ ਹੋਏ, ਪਰ ਬਾਹਰ ਕਰ ਦਿੱਤੇ ਗਏ। ਇਸ ਗੱਲ ਨੇ ਰਾਮਜੀ ਦਾਸ ਨੂੰ ਦੁੱਖ ਪਹੁੰਚਾਇਆ ਜੋ ਭਾਰੀ ਹਿਰਦੇ ਨਾਲ ਗੁਰਦੁਆਰਾ ਰੇਰੂ ਸਾਹਿਬ ਪਹੁੰਚੇ।

ਇੱਥੇ ਵਲੰਟੀਅਰ ਬੜੇ ਪਿਆਰ ਨਾਲ ਲੰਗਰ ਵਰਤਾ ਰਹੇ ਸਨ। ਰਾਮਜੀ ਦਾਸ ਨੇ ਰੱਜ ਕੇ ਭੋਜਨ ਕੀਤਾ। ਉਥੇ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਦੇ ਪ੍ਰਵਚਨ ਸੁਣੇ, ਜਿਨ੍ਹਾਂ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਨੂੰ ਭਰੋਸਾ ਹੋ ਗਿਆ ਕਿ ਆਤਮਾ ਦੇ ਵਿਕਾਸ ਲਈ ਉਨ੍ਹਾਂ ਨੂੰ ਠੀਕ ਜਗ੍ਹਾ ਲੱਭ ਗਈ ਹੈ। ਫਿਰ ਉਹ ਆਪਣੀ ਮਾਂ ਦੇ ਨਾਲ ਲਾਹੌਰ ਆ ਗਏ ਤੇ ਰੋਜ਼ਾਨਾ ਗੁਰਦੁਆਰੇ ਜਾਣ ਲੱਗ ਪਏ।ਉਥੇ ਉਨ੍ਹਾਂ ਨੇ 1923 ਵਿਚ ਅਮ੍ਰਿਤਪਾਨ ਕਰ ਕੇ ਆਪਣਾ ਨਵਾਂ ਨਾਂ ਪੂਰਨ ਸਿੰਘ ਰੱਖ ਲਿਆ। "ਭਗਤ"




ਸ਼ਬਦ ਬਾਅਦ ਵਿੱਚ ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਕਰਤਾਰ ਸਿੰਘ ਜੀ ਦੁਆਰਾ ਜੋੜਿਆ ਗਿਆ ਸੀ।

ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸੇਵਾ ਕਰਦਿਆਂ ਦੇਖ ਕੇ ਲੋਕਾਂ ਨੇ ਉਨ੍ਹਾਂ ਨੂੰ ਬਹੁਤ ਪਿਆਰ ਅਤੇ ਹੌਸਲਾ ਦਿੱਤਾ। ਆਪਣੇ ਖਾਲੀ ਸਮੇਂ ਵਿੱਚ ਉਹ ਅਖ਼ਬਾਰਾਂ, ਰਸਾਲੇ ਅਤੇ ਕਿਤਾਬਾਂ ਪੜ੍ਹਨ ਲਈ ਲਾਇਬ੍ਰੇਰੀਆਂ ਵਿੱਚ ਚਲੇ ਜਾਂਦੇ। ਨਾਲ ਹੀ ਗਰੀਬਾਂ, ਰੋਗੀਆਂ ਅਤੇ ਬੇਸਹਾਰਾ ਲੋਕਾਂ ਦੀ ਮਦਦ ਲਈ ਅਮੀਰਾਂ ਤੋਂ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਮਰੀਜਾਂ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਉਨ੍ਹਾਂ ਦੀ ਦੇਖਭਾਲ ਅਤੇ ਹਸਪਤਾਲਾਂ ਤੋਂ ਇਲਾਜ ਕਰਵਾਉਣ ਲਈ ਉਨ੍ਹਾਂ ਇੱਕ ਸੰਸਥਾ ਬਣਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ।

ਸਨ 1934 ਵਿੱਚ, ਇੱਕ ਚਾਰ ਸਾਲ ਦੇ ਅਪਾਹਜ ਤੇ ਬੀਮਾਰ ਬੱਚੇ ਨੂੰ ਕੋਈ ਗੁਰਦੁਆਰੇ ਦੇ ਦਰਵਾਜ਼ੇ 'ਤੇ ਛੱਡ ਗਿਆ। ਗੁਰਦੁਆਰੇ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਪੂਰਨ ਸਿੰਘ ਦੇ ਹਵਾਲੇ ਕਰਦਿਆਂ ਕਿਹਾ, " ਇਸ ਬੱਚੇ ਦੀ ਦੇਖਭਾਲ ਤੁਸੀਂ ਹੀ ਕਰ ਸਕਦੇ ਹੋ।" ਭਗਤ ਜੀ ਨੇ ਬੱਚੇ ਨੂੰ ਬਹੁਤ ਪਿਆਰ ਦਿੱਤਾ ਤੇ ਉਸ ਦਾ ਨਾਂ ਵੀ 'ਪਿਆਰਾ ਸਿੰਘ' ਰੱਖ ਦਿੱਤਾ। ਦੇਸ਼ ਦੀ ਵੰਡ ਵੇਲੇ (ਅਗਸਤ 1947 ਵਿਚ) ਭਗਤ ਜੀ ਇਸ ਬੱਚੇ ਨੂੰ ਪਿੱਠ ਤੇ ਚੁੱਕ ਕੇ ਲਾਹੌਰ ਤੋਂ ਅੰਮ੍ਰਿਤਸਰ ਖਾਲਸਾ ਕਾਲਜ ਦੇ ਸ਼ਰਨਾਰਥੀ ਕੈਂਪ ਵਿਚ ਲੈ ਆਏ। ਇਥੇ ਉਨ੍ਹਾਂ ਨੇ ਹੋਰ ਅਨਾਥ ਬੱਚਿਆਂ ਦੀ ਸੇਵਾ ਵੀ ਕਰਨੀ ਸ਼ੁਰੂ ਕਰ ਦਿਤੀ।

ਇਸ ਕੈਂਪ ਵਿਚ ਕਾਲਜ ਨੇ ਦਿਸੰਬਰ 1947 ਤੱਕ ਲੋਕਾਂ ਦੀ ਸੇਵਾ ਕੀਤੀ। ਕੈਂਪ ਛੱਡਣ ਤੋਂ ਬਾਅਦ, ਭਗਤ ਜੀ ਕੁਝ ਹੋਰ ਅਨਾਥਾਂ ਤੇ ਬੀਮਾਰਾਂ ਨੂੰ ਨਾਲ ਲੈ ਕੇ ਕਈ ਜਗ੍ਹਾ ਤੇ ਰਹੇ। ਅਖੀਰ ਵਿਚ ਉਨ੍ਹਾਂ ਨੂੰ 1948 ਵਿਚ ਇੱਕ ਸਧਾਰਨ ਜਿਹਾ ਆਸਰਾ ਮਿਲ ਗਿਆ ਜਿਸ ਨੂੰ ਉਹ "ਪਿੰਗਲਵਾੜਾ" ਕਹਿਣ ਲਗੇ। ਇੱਕ ਰਿਕਸ਼ੇ ਵਿੱਚ ਮਰੀਜ਼ਾਂ ਨੂੰ ਉਹ ਹਸਪਤਾਲਾਂ ਵਿਚ ਲਿਜਾਣ ਲਗ ਪਏ। ਪਿੰਗਲਵਾੜੇ ਦੀ ਇਹ ਪਹਿਲੀ 'ਐਂਬੂਲੈਂਸ' ਸੀ। ਹੌਲੀ-ਹੌਲੀ ਮਰੀਜ਼ਾਂ ਦੀ ਗਿਣਤੀ ਸੈਂਕੜੇ ਤੱਕ ਪਹੁੰਚ ਗਈ। ਇਨ੍ਹਾਂ ਨਿਰਸਵਾਰਥ ਕੰਮਾਂ ਵਿੱਚ ਕਈ ਪਰਉਪਕਾਰੀਆਂ ਨੇ ਮਦਦ ਵੀ ਕੀਤੀ। ਸਰਕਾਰ ਵਲੋਂ ਉਨ੍ਹਾਂ ਦੀਆਂ ਅਣਥੱਕ ਸੇਵਾਵਾਂ ਲਈ ਭਗਤ ਜੀ ਨੂੰ 1979 ਵਿਚ "ਪਦਮ ਸ਼੍ਰੀ" ਨਾਲ ਸਤਿਕਾਰਿਆ ਗਿਆ।

ਅਖੀਰ ਭਗਤ ਜੀ ਨੇ 1958 ਵਿੱਚ ਅਮ੍ਰਿਤਸਰ ਜ਼ਿਲ੍ਹੇ ਦੇ ਪ੍ਰਬੰਧਕੀ ਅਫ਼ਸਰ ਤੋਂ ਮੌਜੂਦਾ ਜਗ੍ਹਾ ਖਰੀਦੀ, ਅਤੇ **ਆਲ-ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ** ਰਜਿਸਟਰਡ ਹੋ ਗਈ। ਜੂਨ 1984 ਵਿੱਚ ਦਰਬਾਰ ਸਾਹਿਬ ਅਤੇ ਅਕਾਲ ਤਖਤ 'ਤੇ ਹੋਏ ਹਮਲੇ ਤੋਂ ਬਾਅਦ ਉਨ੍ਹਾਂ ਨੇ ਪਦਮ ਸ਼੍ਰੀ ਅਵਾਰਡ ਵਾਪਸ ਕਰ ਦਿੱਤਾ। ਉਨ੍ਹਾਂ ਬਹੁਤ ਸਾਰੀਆਂ ਦੁਖੀ ਔਰਤਾਂ ਨੂੰ ਪਿਤਾ ਵਾਂਗ ਸਹਾਰਾ ਦਿੱਤਾ। ਆਪਣੀ ਮਾਂ ਨੂੰ ਜਿਹੜਾ ਕੁਵਾਰਾ ਰਹਿਣ ਦਾ ਵਾਅਦਾ ਕੀਤਾ ਸੀ, ਉਸ 'ਤੇ ਕਾਇਮ ਰਹੇ।

ਜਾਨਵਰਾਂ ਪ੍ਰਤੀ ਸਨੇਹ ਵਜੋਂ ਚਮੜੇ ਦੀਆਂ ਜੁੱਤੀਆਂ ਪਾਉਣੀਆਂ ਬੰਦ ਕਰ ਦਿੱਤੀਆਂ ਅਤੇ ਲੱਕੜ ਦੀਆਂ ਜੁੱਤੀਆਂ ਹੀ ਪਹਿਨੀਆਂ। ਹੈਂਡਲੂਮ ਦੇ ਰੁਜ਼ਗਾਰ ਵਿੱਚ ਮਦਦ ਕਰਨ ਲਈ, ਉਨ੍ਹਾਂ ਨੇ ਸਿਰਫ਼ ਹੱਥੀਂ ਬਣੇ ਖੱਦਰ ਨੂੰ ਪਹਿਨਣ ਦਾ ਸੰਕਲਪ ਲਿਆ। ਉਹ ਜਨਸੰਖਿਆ ਦੇ ਵਿਸਫੋਟ, ਵਾਤਾਵਰਣ ਦੇ ਪ੍ਰਦੂਸ਼ਣ, ਕੁਦਰਤੀ ਸੋਮਿਆਂ ਦੀ ਤਬਾਹੀ ਅਤੇ ਜੰਗਲਾਂ ਦੀ ਬੇਰਹਿਮੀ ਨਾਲ ਕਟਾਈ ਵਰਗੇ ਮਸਲਿਆਂ ਬਾਰੇ ਚਿੰਤਤ ਰਹਿੰਦੇ ਸੀ। ਲੋਕਾਂ ਨੂੰ ਜਾਗਰੂਕ ਕਰਨ ਅਤੇ ਨਿੱਜੀ ਪੱਧਰ 'ਤੇ ਹੱਲ ਲੱਭਣ ਵਿੱਚ ਮਦਦ ਕਰਨ ਲਈ ਛੋਟੇ ਕਿਤਾਬਚੇ ਲਿਖਦੇ ਸੀ। ਉਨ੍ਹਾਂ ਨੇ 5 ਅਗਸਤ 1992 ਨੂੰ ਆਖ਼ਰੀ ਸਾਹ ਲਿਆ।

ਇਕ ਤਰ੍ਹਾਂ ਨਾਲ ਇਸ ਸੰਸਥਾ ਨੇ ਆਪਣੇ ਬਾਨੀ ਨੂੰ ਅਮਰ ਕਰ ਦਿੱਤਾ ਹੈ ਜਿਥੇ ਜਾਤ, ਧਰਮ ਅਤੇ ਲਿੰਗ ਦੀ ਪਰਵਾਹ ਕੀਤੇ ਬਿਨਾ ਮਨੁੱਖਤਾ ਦੀ ਮਹਾਨ ਸੇਵਾ ਕੀਤੀ ਜਾ ਰਹੀ ਹੈ। ਭਗਤ ਜੀ ਨੇ ਆਪਣੀ ਵਸੀਅਤ ਰਾਹੀਂ ਡਾ: ਇੰਦਰਜੀਤ ਕੌਰ ਨੂੰ ਆਪਣਾ ਉੱਤਰਾਧਿਕਾਰੀ ਨਾਮਜ਼ਦ ਕੀਤਾ ਸੀ। ਇਹ ਪਿੰਗਲਵਾੜੇ ਦੇ ਹਜ਼ਾਰਾ ਮਰੀਜ਼ਾਂ ਦੀ ਸੇਵਾ ਕਰਦੇ ਆ ਰਹੇ ਹਨ। ਪਰੋਪਕਾਰੀ ਭਾਈ ਘਨੱਈਆ ਜੀ, ਭਾਈ ਮੰਝ ਜੀ ਤੇ ਭਾਈ ਬਹਿਲੋ ਜੀ ਵਰਗੇ ਮਹਾਂਪੁਰਸ਼ਾਂ ਦੇ ਮਾਰਗ ਤੇ ਚਲਦਿਆਂ ਭਗਤ ਪੂਰਨ ਸਿੰਘ ਜੀ ਨੇ ਮਨੁੱਖਤਾ ਦੀ ਜੋ ਨਿਸ਼ਕਾਮ ਸੇਵਾ ਕੀਤੀ ਉਸ ਲਈ ਉਹ ਹਮੇਸ਼ਾਂ ਯਾਦ ਰਹਿਣਗੇ। ਉਹ ਕਹਿੰਦੇ ਸੀ ਕਿ ਮਹਾਂਪੁਰਸ਼ਾਂ ਦੇ ਵਿਚਾਰ ਮਨੁੱਖਤਾ ਦੀ **ਸਾਂਝੀ ਵਿਰਾਸਤ** ਹੈ ਅਤੇ ਸਾਨੂੰ ਉਨ੍ਹਾਂ ਤੋਂ ਪ੍ਰੇਰਣਾ ਅਤੇ ਸੇਧ ਲੈਣੀ ਚਾਹੀਦੀ ਹੈ।

ਜਿਹੜੇ ਸਤਿਕਾਰ ਉਨ੍ਹਾਂ ਨੂੰ ਦਿੰਤੇ ਗਏ ਉਨ੍ਹਾਂ ਵਿਚ **ਹਾਰਮਨੀ ਅਵਾਰਡ**, **ਰੋਗ ਰਤਨ ਅਵਾਰਡ** ਤੇ **ਭਾਈ ਘਨੱਈਆ ਜੀ ਅਵਾਰਡ** ਤੇ ਹੋਰ ਕਈ ਇਨਾਮ ਸ਼ਾਮਲ ਹਨ। ਪਰ ਉਨ੍ਹਾਂ ਦੀ ਅਸਲ ਪਰਾਪਤੀ ਹੈ:

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥**

ਪਿੰਗਲਵਾੜੇ ਦੀਆਂ ਹੋਰ ਸ਼ਾਖਾਵਾਂ ਪੰਡੋਰੀ, ਮਾਨਾਂਵਾਲਾ, ਗੋਇੰਦਵਾਲ, ਜਲੰਧਰ, ਸੰਗਰੂਰ ਤੇ ਚੰਡੀਗੜ੍ਹ ਵਿਚ ਵੀ ਹਨ। ਇਨ੍ਹਾਂ ਵਿਚ 1800 ਤੋਂ ਵੱਧ ਅਪਾਹਜ ਹਨ ਜਿਨ੍ਹਾਂ ਲਈ ਮੁਫਤ ਬਨਾਵਟੀ ਅੰਗ ਲਗਾਉਣ, ਦੰਦਾਂ ਅਤੇ ਅੱਖਾਂ ਦਾ ਇਲਾਜ ਕਰਨ ਅਤੇ ਦਵਾਈਆਂ ਦਾ ਪ੍ਰਬੰਧ ਹੈ।ਇਥੇ ਟੀ.ਬੀ., ਕੈਂਸਰ, ਸ਼ੁਗਰ, ਪੋਲੀਓ ਅਤੇ ਏਡਸ ਦੇ ਮਰੀਜ਼ਾਂ ਦਾ ਵੀ ਮੁਫਤ ਇਲਾਜ ਕੀਤਾ ਜਾਂਦਾ ਹੈ।ਇਨ੍ਹਾਂ ਵਿਚ ਸਕੂਲ ਵੀ ਹਨ ਜਿਥੇ ਗੁੰਗੇ, ਬੋਲੇ ਬੱਚਿਆਂ ਨੂੰ ਦੂਸਰਿਆਂ ਦੇ ਨਾਲ ਹੀ ਪੜ੍ਹਾਇਆ ਜਾਂਦਾ ਹੈ। ਖਰਚਾ ਲੋਕਾਂ ਵਲੋਂ ਦਿੱਤੇ ਦਾਨ ਤੋਂ ਪ੍ਰਾਪਤ ਹੁੰਦਾ ਹੈ। ਮਦਰ ਟੈਰੇਸਾ ਦੀ ਸਹਾਇਤਾ ਲਈ ਪਿਛੇ ਇੱਕ ਸੰਸਥਾ ਸੀ। ਇਕੱਲਿਆ ਹੀ ਵਧ ਸੇਵਾ ਕਰਨ ਵਾਲੇ ਇਸ ਸੰਤ ਨੂੰ **ਨੋਬੈਲ ਇਨਾਮ** ਜਾਂ "**ਭਾਰਤ ਰਤਨ**" ਦੇਣਾ ਚਾਹੀਦਾ ਹੈ।

**ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)**

# ਦੋ ਕਿਰਤੀਆਂ ਦੀ ਕਹਾਣੀ

ਰਿਪਨਜੋਤ ਕੌਰ ਸੋਨੀ ਬੱਗਾ, ਪਟਿਆਲਾ (ਭਾਰਤ), 9878753423

ਅੱਜ ਤੋਂ ਤਕਰੀਬਨ 17 ਕੁ ਸਾਲ ਪਹਿਲਾਂ, ਸੰਨ 2004/5 ਦੀ ਗੱਲ ਹੈ, ਅਸੀਂ ਗੰਗਾਨਗਰ ਦੇ ਕੋਲ ਸੂਰਤ-ਗੜ ਫੌਜੀ ਛਾਉਣੀ ਵਿਚ ਰਹਿੰਦੇ ਸੀ। ਮੈਨੂੰ ਬਰਤਨ ਸਾਫ ਕਰਨ ਵਾਸਤੇ ਕਿਸੇ ਸੁਚੱਜੀ ਔਰਤ ਦੀ ਜ਼ਰੂਰਤ ਸੀ। ਇਕ ਦਿਨ ਇਕ ਬਜ਼ੁਰਗ ਪੰਜਾਬਣ ਬੇਬੇ ਆਈ, ਉਹ ਮੇਰੇ ਨਾਲ ਦੇ ਅਫਸਰ ਦੇ ਘਰ ਪਿੱਛੇ ਕਮਰੇ ਵਿਚ ਆਪਣੇ ਛੋਟੇ ਬੱਚਿਆਂ ਦੇ ਪਰਿਵਾਰ ਨਾਲ ਰਹਿੰਦੀ ਸੀ। ਉਸਨੇ ਬੜੇ ਹੀ ਸਾਫ-ਸੁਥਰੇ ਬਰਤਨ ਮਾਂਜੇ ਭਾਵੇਂ ਉਸ ਨੂੰ ਚੰਗੀ ਤਰ੍ਹਾ ਦਿਖਦਾ ਨਹੀਂ ਸੀ, ਪਰ ਉਸ ਦੀ ਉਮਰ ਜਿਆਦਾ ਹੋਣ ਕਰਕੇ ਮੇਰਾ ਮਨ ਨਾ ਕਰੇ ਉਸ ਕੋਲੋਂ ਕੰਮ ਕਰਾਉਣ ਨੂੰ। ਮੈਂ ਮਾਤਾ ਨੂੰ ਕਿਹਾ ਕਿ- 'ਤੂੰ ਮੇਰੇ ਕੋਲੋਂ ਹਰ ਮਹੀਨੇ ਕੁਝ ਪੈਸੇ ਲੈ ਲਿਆ ਕਰ, ਕੰਮ ਰਹਿਣ ਦੇ- ਮੈਂ ਕਿਸੇ ਹੋਰ ਕੋਲੋਂ ਕਰਵਾ ਲਵਾਂਗੀ!' ਪਰ ਉਹ ਨਹੀਂ ਮੰਨੀ, ਕਹਿੰਦੀ- 'ਸਾਰੀ ਉਮਰ ਦੋ ਹੱਥਾਂ ਨਾਲ ਕਿਰਤ ਕਰਕੇ ਹੀ ਖਾਧਾ ਹੈ ਉਮਰ ਦੇ ਇਸ ਪੜਾਅ ਤੇ ਰੱਬ ਅੱਗੇ ਇਹੀ ਅਰਦਾਸ ਹੈ ਕਿ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ!' ਮੈਂ ਕਿਹਾ- 'ਠੀਕ ਹੈ! ਜਦੋਂ ਤੱਕ ਮੈਂ ਇਸ ਸ਼ਹਿਰ ਵਿਚ ਰਹਾਂਗੀ ਤੁਸੀਂ ਕੰਮ ਕਰੀ ਜਾਣਾ, ਮੈਂ ਆਪਣੇ ਵਲੋਂ ਉਹਨਾਂ ਨੂੰ ਦਿਨ ਵਿਚ ਇਕ ਵਾਰੀ ਹੀ ਕੰਮ ਤੇ ਆਉਣ ਲਈ ਕਿਹਾ। ਜਿਸ ਤਰ੍ਹਾਂ ਦਾ ਉਹ ਕੰਮ ਕਰ ਜਾਂਦੇ ਸੀ- ਮੈਂ ਪਰਵਾਨ ਕਰ ਲੈਂਦੀ ਤੇ ਉਸ ਤੋਂ ਬਾਅਦ ਬਾਕੀ ਮੈਂ ਆਪੇ ਕਰ ਲੈਂਦੀ ਸੀ।

ਉਸ ਬਜ਼ੁਰਗ ਜੋੜੇ ਦੀ ਕਹਾਣੀ ਬੜੀ ਦੁੱਖ ਭਰੀ ਸੀ। ਬਜ਼ੁਰਗ ਬਾਪੂ ਨੇ ਦੱਸਿਆ ਕਿ- ਸੂਰਤਗੜ੍ਹ ਤੋ ਗੰਗਾਨਗਰ ਵੱਲ ਜਾਂਦੇ, ਰਾਹ ਵਿੱਚ ਇੱਕ ਛੋਲਿਆਂ ਦਾ ਸਰਕਾਰੀ ਫਾਰਮ ਆਉਂਦਾ ਹੈ, ਉਸ ਜਗ੍ਹਾ ਤੇ ਭਾਰਤ ਦੇ ਬਿਹਤਰੀਨ ਚਨਿਆਂ ਦੀਆਂ ਕਿਸਮਾਂ ਤੇ ਖੋਜ ਹੁੰਦੀ ਹੈ- ਤੇ ਉਹ ਉਸ ਵਿਚ ਇੱਕ ਠੇਕੇਦਾਰ ਥੱਲੇ ਖੇਤੀ ਦਾ ਕੰਮ ਕਰਦਾ ਸੀ, ਪਰ ਹੁਣ ਕੁਝ ਸਾਲਾਂ ਤੋਂ ਉਸ ਕੋਲੋਂ ਸਰੀਰਕ ਕੰਮ ਨਹੀਂ ਹੋ ਰਿਹਾ ਤਾਂ ਉਹ ਸਾਰਾ ਦਿਨ ਘਰੇ ਹੀ ਰਹਿੰਦਾ ਸੀ। ਉਸ ਦੇ ਦੋ ਪੁੱਤਰ ਤੇ ਤਿੰਨ ਧੀਆਂ ਸਨ। ਸਭ ਆਪਣੇ-ਆਪਣੇ ਘਰਾਂ ਵਿਚ ਵਿਆਹੇ ਹੋਏ ਸਨ। ਦਾਦਾ ਦਾਦੀ ਨਾਲ ਦੋ ਨਿੱਕੇ-ਨਿੱਕੇ ਛੇ ਸੱਤ ਸਾਲ ਦੇ ਬੱਚੇ ਰਹਿੰਦੇ ਸਨ। ਬੱਚਿਆਂ ਦਾ ਪਿਓ, ਉਸ ਦਾ ਛੋਟਾ ਪੁੱਤਰ ਇਸ ਜਹਾਨ ਤੋਂ ਵਿਦਾ ਹੋ ਗਿਆ ਸੀ ਅਤੇ ਮਾਂ ਨੇ ਕਿਸੇ ਹੋਰ ਨਾਲ ਵਿਆਹ ਕਰਾ ਲਿਆ ਸੀ। ਬੱਚਿਆਂ ਦੀ ਪਰਵਰਿਸ਼ ਦਾਦਾ ਦਾਦੀ ਕਰਦੇ ਸਨ, ਜਿਨ੍ਹਾਂ ਵਿਚੋਂ ਇਕ ਚਲ



ਫਿਰ ਨਹੀਂ ਸੀ ਸਕਦਾ ਅਤੇ ਦੂਜੇ ਨੂੰ ਅੱਖਾਂ ਤੋਂ ਜ਼ਿਆਦਾ ਨਹੀਂ ਦਿਖਦਾ ਸੀ। ਮੈਨੂੰ ਉਹਨਾਂ ਦੀ ਇਹ ਹਾਲਤ ਵੇਖ ਕੇ ਬਹੁਤ ਤਰਸ ਆਉਂਦਾ ਅਤੇ ਉਹਨਾਂ ਦੇ ਬੱਚਿਆਂ ਉੱਤੇ ਗੁੱਸਾ ਵੀ, ਕਿਉਂਕਿ ਉਹ ਉਹਨਾਂ ਦਾ ਖਿਆਲ ਨਹੀਂ ਰੱਖਦੇ ਸਨ। ਮੈਨੂੰ ਕਈ ਤਰਾਂ ਦੀਆਂ ਸੋਚਾਂ ਆਉਂਦੀਆਂ ਕਿ- ਇਸ ਉੱਚੇ-ਲੰਮੇ, ਵੱਡੇ-ਵੱਡੇ ਮੋਟੇ, ਖੁਰਦਰੇ ਕਿਰਤੀ ਹੱਥਾਂ ਵਾਲੇ ਬਾਬੇ ਨੇ ਸਖ਼ਤ ਮਿਹਨਤ ਕਰਕੇ ਆਪਣੇ ਬੱਚੇ ਪਾਲੇ ਹੋਣੇ ਹਨ ਪਰ ਉਮਰ ਦੇ ਇਸ ਪੜਾਅ 'ਤੇ ਉਹ ਇਕੱਲੇ ਹਨ। ਅਜਿਹੇ ਵੇਲੇ ਜਦੋਂ ਤੁਹਾਨੂੰ ਕੋਈ ਨਾ ਪੁੱਛੇ ਤਾਂ ਸਰਕਾਰੀ ਨੌਕਰੀ ਕੀਤੀ ਦੀ ਪੈਨਸ਼ਨ ਕੰਮ ਆਉਂਦੀ ਹੈ ਤੇ ਜਾਂ ਤੁਹਾਡੇ ਕੋਲ ਥੋੜ੍ਹੀ ਬਹੁਤ ਜ਼ਮੀਨ ਜਾਇਦਾਦ ਹੋਵੇ ਤਾਂ! ਪਰ ਇਹਨਾਂ ਬਜ਼ੁਰਗਾਂ ਦੀ ਇਹ ਤ੍ਰਾਸਦੀ ਸੀ ਕਿ ਇਹਨਾਂ ਕੋਲ ਉਹ ਦੋਵੇਂ ਹੀ ਨਹੀਂ ਸਨ। ਸੂਰਤਗੜ੍ਹ ਦੀ ਪੋਸਟਿੰਗ ਦੌਰਾਨ ਮੈਂ ਮਹਿਸੂਸ ਕੀਤਾ ਹੈ ਕਿ- ਰੇਤਲਾ ਇਲਾਕਾ ਹੋਣ ਕਰਕੇ ਪਹਿਲੇ ਸਿਆਲ ਬਹੁਤ ਠੰਡ ਸੀ ਤੇ ਬਾਬਾ ਜੀ ਨੂੰ ਮੈਂ ਜਦੋਂ ਮਿਲ ਕੇ ਆਈ ਸੀ ਤਾਂ ਇਕ ਸਵੈਟਰ ਦੇ ਆਈ ਸੀ। ਮੈਂ ਉਹਨਾਂ ਨੂੰ ਕਦੇ ਕਦਾਈਂ ਦੇਖਣ ਚਲੀ ਜਾਂਦੀ ਸੀ। ਬੇਬੇ ਕਹਿੰਦੀ ਹੁੰਦੀ ਸੀ ਕਿ- ਬਾਪੂ ਜੀ ਸਵੈਟਰ ਆਪਣੇ ਸਿਰਹਾਣੇ ਰੱਖ ਕੇ ਸੌਂਦੇ ਹਨ ਕਿ ਇਹ ਮੇਰੀ ਧੀ ਨੇ ਦਿੱਤਾ ਹੈ। ਜਿਨ੍ਹਾਂ ਸਮਾਂ ਮੈਂ ਉੱਥੇ ਰਹੀ ਬੇਬੇ ਮੇਰੇ ਘਰ ਕੰਮ ਤੇ ਆਉਂਦੀ ਰਹੀ, ਉਸ ਨੂੰ ਤਸੱਲੀ ਰਹੀ ਕਿ ਉਹ ਕੰਮ ਕਰਕੇ ਖਾ ਰਹੀ ਹੈ। ਇਹ ਸਨ ਬਾਬੇ ਨਾਨਕ ਦੇ 'ਕਿਰਤ ਕਰੋ' ਦੇ ਸਿਧਾਂਤ ਦੇ ਪਹਿਰੇਦਾਰ- ਦੋ ਕਿਰਤੀ ਬੇਬੇ ਜੀ ਅਤੇ ਬਾਪੂ ਜੀ! ਸਲਾਮ ਹੈ ਅਜਿਹੇ ਕਿਰਤੀਆਂ ਨੂੰ!

# ਜ਼ਿੰਦਗੀ ਦਾ ਅਧਾਰ (ਰਿਸ਼ਤੇ)

ਰਾਜਵਿੰਦਰ ਕੌਰ ਵਿੜਿੰਗ ਫਰੀਦਕੋਟ (ਭਾਰਤ)

ਇਨਸਾਨੀ ਜਿੰਦਗੀ ਦਾ ਆਧਾਰ ਦੋ ਤਰ੍ਹਾਂ ਦੇ ਰਿਸ਼ਤੇ ਹਨ, ਇੱਕ ਖੂਨ ਦੇ ਰਿਸ਼ਤੇ ਅਤੇ ਦੂਜੇ ਸਮਾਜਿਕ। ਖੂਨ ਦੇ ਰਿਸ਼ਤੇ ਮੋਹ ਵੰਡਦੇ ਨਿਭਦੇ ਅੱਗੇ ਤੁਰਦੇ ਜਾਂਦੇ ਹਨ। ਪਰ ਇੱਕ ਅਹਿਮ ਪਵਿੱਤਰ ਰਿਸ਼ਤਾ ਪਤੀ ਪਤਨੀ ਦਾ ਹੁੰਦਾ ਹੈ ਜੋ ਜਵਾਨੀ ਦੀਆਂ ਸੱਧਰਾਂ, ਸੁਫਨਿਆਂ, ਚਾਵਾਂ ਦਾ ਮੁਕੰਮਲ ਸੰਸਾਰ ਹੁੰਦਾ ਹੈ ਤੇ ਜਿੰਦਗੀ ਦੇ ਸਭ ਤੋਂ ਲੰਮੇ ਸਫਰ ਦੀ ਬਾਤ ਪਾਉਂਦਾ, ਸਾਥ ਨਿਭਦਾ ਹੈ। ਇਸ ਦੀ ਵਿਲੱਖਣਤਾ ਸੰਸਾਰ ਸਿਰਜਦੀ ਹੈ ਵੰਸ਼ ਅੱਗੇ ਵਧਦੇ...ਪੀੜ੍ਹੀ ਦਰ ਪੀੜ੍ਹੀ ਤੁਰਦੇ ਹਨ। ਇਹ ਜਵਾਨੀ ਵਿੱਚ ਸ਼ੁਰੂ ਹੋ ਕੇ ਜਿੰਦਗੀ ਦੀਆਂ ਅਨੇਕਾਂ ਦੁਸ਼ਵਾਰੀਆਂ, ਉਤਰਾਅ ਚੜਾਅ, ਖੁਸ਼ੀਆਂ ਗਮੀਆਂ, ਦੁੱਖਾਂ ਸੁੱਖਾਂ ਦਾ ਸੁਮੇਲ ਅਤੇ ਬਰਾਬਰਤਾ ਦੀ ਸਾਂਝ ਪਾਲਦਾ, ਪਰਿਵਾਰ ਨੂੰ ਬੰਨ੍ਹ ਕੇ ਰੱਖਦਾ ਹੈ। ਜਦੋਂ ਪਤੀ ਪਤਨੀ ਨਵੀਂ ਜਿੰਦਗੀ ਦੀ ਸ਼ੁਰੂਆਤ ਕਰਦਿਆਂ ਧੁਰ ਤੱਕ ਦਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਨ ਤਾਂ ਇਹ ਰਿਸ਼ਤਾ ਸੱਚੇ ਸੁੱਚੇ ਪ੍ਰੇਮ ਤੇ ਵਿਸ਼ਵਾਸ ਦੇ ਆਧਾਰ ਤੇ ਬਣਦਾ ਹੈ।

ਇਹ ਰਿਸ਼ਤਾ ਕੋਈ ਸੌਦੇਬਾਜ਼ੀ ਜਾਂ ਫਰੇਬ ਨਹੀਂ ਹੁੰਦਾ ਸਗੋਂ ਪਵਿੱਤਰ ਬੰਧਨ ਹੁੰਦਾ ਹੈ ਜਿੱਥੇ ਰੂਹ ਤੋਂ ਰੂਹ ਤੱਕ ਦਾ ਸਫਰ ਬਿਨਾਂ ਕਿਸੇ ਸ਼ੱਕ ਉਚ-ਨੀਚ, ਭੇਦਭਾਵ ਦੇ ਵਫਾ ਦੀ ਕਹਾਣੀ ਹੁੰਦਾ ਹੈ। ਇੱਕ ਦੂਜੇ ਦੀ ਪ੍ਰਵਾਹ ਅਤੇ ਖੁਦਗਰਜ਼ੀ ਤੋਂ ਰਹਿਤ, ਨਿੱਘ ਪਿਆਰ ਵਫਾ ਤੇ ਟਿਕਿਆ ਹੁੰਦਾ ਹੈ- ਜਿੱਥੇ ਮੁਕਾਬਲੇ ਦੀ ਕੋਈ ਗੁੰਜ਼ਾਇਸ਼ ਨਹੀਂ ਹੁੰਦੀ। ਨਾ ਹੀ ਇੱਕ ਦੂਸਰੇ ਦੀਆਂ ਗਲਤੀਆਂ ਕਮੀਆਂ ਨੂੰ ਚਿਤਾਰਿਆ ਜਾਂਦਾ ਹੈ ਸਗੋਂ ਸਮਰਪਣ ਦੀ ਭਾਵਨਾ ਨਾਲ, ਇੱਕ ਦੂਜੇ ਦੀ ਇੱਜ਼ਤ ਵਧਾਈ ਜਾਂਦੀ ਹੈ। ਹਰ ਦੁੱਖ ਸੁੱਖ ਸਾਂਝੇ ਹੁੰਦੇ ਹਨ ਜੋ ਦੋਨੋ ਮਿਲ ਕੇ ਅੱਗੇ ਤੋਰਦੇ ਹਨ। ਇਸ ਰਿਸ਼ਤੇ ਦੀ ਨੀਂਹ ਵਿਸ਼ਵਾਸ਼ ਤੇ ਸੱਚ 'ਤੇ ਬੱਝਦੀ ਹੈ।ਹਰ ਕਦਮ ਤੇ, ਸੰਤਾਨ ਪ੍ਰਤੀ ਜਿੰਮੇਵਾਰੀਆਂ ਨੂੰ ਮਿਲ ਨਿਭਾਇਆ ਜਾਂਦਾ ਹੈ। ਜਿਉਂ ਜਿਉਂ ਇਸ ਰ੍ਰਿਸ਼ਤੇ ਦੀ ਉਮਰ ਵਧਦੀ ਜਾਂਦੀ ਹੈ ਇਸ ਰਿਸ਼ਤੇ ਦਾ ਨਿੱਘ ਹੋਰ ਪ੍ਰਪੱਕ ਹੁੰਦਾ ਜਾਂਦਾ ਹੈ।

ਜਦੋਂ ਬੱਚੇ ਆਪਣੇ ਕੰਮਾਂ-ਕਾਜਾਂ ਤੇ ਚਲੇ ਜਾਂਦੇ ਹਨ, ਤਾਂ ਵਧਦੀ ਉਮਰ ਨਾਲ ਪਰਿਵਾਰ ਰੂਪੀ ਆਲ੍ਹਣੇ ਦੇ ਪੰਛੀ ਬਣ, ਰੁਣਝੁਣ ਬਹੁਤ ਸਕੂਨ ਦਿੰਦੀ ਹੈ ਤੇ ਸਹਾਰਾ ਬਣਦੀ ਹੈ। ਵਕਤ ਬਦਲਣ ਨਾਲ ਇਸ ਰਿਸ਼ਤੇ ਤੇ ਵੀ ਆਧੁਨਿਕਤਾ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ। ਕਿਤੇ ਇਸ ਰਿਸ਼ਤੇ ਵਿੱਚ ਬੇਵਿਸ਼ਵਾਸ਼ੀ ਕਾਰਨ ਤਰੇੜਾਂ ਅਤੇ ਕਿਤੇ ਜਾਗਰੂਕਤਾ ਕਾਰਨ ਸਵਰਗ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਬਹੁਤੇ



ਪਰਿਵਾਰਾਂ ਵਿੱਚ ਪਦਾਰਥਾਂ ਦੀ ਦੌੜ ਵਿੱਚ, ਇੱਕ ਦੂਸਰੇ ਨੂੰ ਨੀਵਾਂ ਵਿਖਾਉਣ ਦੀ ਪ੍ਰਵਿਰਤੀ ਪੈਦਾ ਹੋ ਰਹੀ ਹੈ ਤੇ ਕਈ ਘਰਾਂ ਵਿੱਚ ਲਾਲਚ ਕਾਰਨ- ਇਸ ਰਿਸ਼ਤੇ ਨੂੰ ਢਾਹ ਲਗ ਰਹੀ ਹੈ ਜਿਸ ਦਾ ਖਮਿਆਜ਼ਾ ਅੰਤ ਔਲਾਦ ਨੂੰ ਭੁਗਤਣਾ ਪੈਂਦਾ ਹੈ। ਇਸ ਤਰ੍ਹਾਂ ਇਹ ਪਵਿੱਤਰ ਰਿਸ਼ਤਾ ਬੇਰਸਾ ਹੋ ਰਿਹਾ ਹੈ ।

ਹੋਰ ਰਿਸ਼ਤੇ ਵਕਤ ਮੁਤਾਬਿਕ ਬਦਲ ਸਕਦੇ ਹਨ ਪਰ ਪਤੀ ਪਤਨੀ ਦਾ ਸਾਥ ਕਦੇ ਅਲੱਗ ਨਹੀਂ ਹੁੰਦਾ। ਇਸ ਨੂੰ ਅੰਤਲੇ ਸਫਰ ਤੱਕ ਤੈਅ ਕਰਨ ਲਈ ਸਬਰ, ਸਹਿਣਸ਼ੀਲਤਾ ਤੇ ਇਮਾਨਦਾਰੀ ਦੀ ਲੋੜ ਹੁੰਦੀ ਹੈ। ਜੇ ਪਿਆਰ, ਕੁਰਬਾਨੀ ਦੇ ਨਿੱਘ ਹੇਠ ਇਹ ਰਿਸ਼ਤਾ ਪ੍ਰਵਾਨ ਚੜਦਾ ਹੈ ਤਾਂ ਸਵਰਗ ਹੋਰ ਕਿਤੇ ਨਹੀਂ। ਪਰ ਜੇ ਬੇਰਸੀ, ਬੇਇਤਫ਼ਾਕੀ ਪੈਦਾ ਹੋ ਜਾਵੇ ਤਾਂ ਇਸ ਤੋਂ ਵੱਧ ਨਰਕ ਵੀ ਕਿਤੇ ਨਹੀਂ। ਚੰਗੇ ਰਿਸ਼ਤੇ ਦੇ ਬੀਜ ਬੀਜਣੇ ਸਿਆਣਪ ਹੁੰਦੀ ਹੈ ਤਾਂ ਜੋ ਬੀਜ, ਘਣਛਾਵਾਂ ਬੋਹੜ ਬਣ, ਸਮੇਂ ਦੀਆਂ ਤੱਤੀਆਂ ਹਵਾਵਾਂ ਤੋਂ ਬਚਾਅ ਕੇ, ਸਕੂਨ ਦੀ ਠੰਢੀ ਛਾਂ ਦੇ ਸਕਣ।ਸ਼ਾਦੀ ਵਿਆਹ ਰਿਸ਼ਤਿਆਂ ਤੇ ਕਬਜ਼ੇ ਰੂਪੀ, ਦੋ ਕੰਪਨੀਆਂ ਦਾ ਸਾਂਝਾ ਕਾਰੋਬਾਰ ਹੈ। ਵਿਸ਼ਵਾਸ਼ ਬਣਿਆ ਰਹੇ ਤਾਂ ਕਾਰੋਬਾਰ ਵਧ ਜਾਂਦਾ ਹੈ ਵਰਨਾ ਪਹਿਲੇ ਰਿਸ਼ਤੇ ਵੀ ਮਨਫ਼ੀ ਹੋ ਜਾਂਦੇ ਹਨ ਤੇ ਅਖ਼ੀਰ ਦੋ ਪਿੰਜਰ ਬਚਦੇ ਨੇ। ਰੱਬ ਕ੍ਰਿਪਾ ਕਰੇ ਕਿ- ਇਹ ਰਿਸ਼ਤਾ, ਵਿਸ਼ਵਾਸ ਦੀ ਨੀਂਹ ਤੇ ਮਜ਼ਬੂਤੀ ਨਾਲ ਬਣਿਆ ਰਹੇ- ਤਾਂ ਜੋ ਇਸ ਤੋਂ ਬਣੇ ਖੂਨ ਦੇ ਰਿਸ਼ਤੇ, ਇੱਕ ਨਰੋਆ ਨਵਾਂ ਸੰਸਾਰ ਸਿਰਜ ਸਕਣ!

# ਧੰਨ ਗੁਰੂ ਅਰਜਨ ਸਾਹਿਬ

ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਜਨਮੇ ਗੁਰੂ ਰਾਮਦਾਸ ਘਰ ਜਗ ਤਾਰਨ ਨੂੰ ਗੁਰੂ ਅਰਜਨ ਆਏ। ਪਿਤਾ ਗੁਰੂ ਇਸ ਕਾਰਜ ਹਿਤ ਦੇ ਗਿਆਨ ਜੋਤ ਅਰਜਨ ਰੁਸ਼ਨਾਏ।

ਪੰਜਵੇਂ-ਸਰੂਪ ਨਾਨਕ-ਗੁਰੂ 'ਕਲਜੁਗ ਜਹਾਜ' ਅਰਜਨ ਕਹਲਾਏ। ਸ਼ਰਨਾਗਤ ਸਾਰੇ ਗੁਰੂ ਅਰਜਨ ਬਾਂਹ ਪਕੜ ਕੇ ਪਾਰ ਲੰਘਾਏ।

ਗੁਰੂ ਅਮਰਦਾਸ ਦਾ ਦੋਹਤਾ 'ਬਾਣੀ ਕਾ ਬੋਹਿਥਾ' ਧੀ ਭਾਨੀ ਜਾਇਆ। ਕੀਤੀ ਰਚਨਾ ਮਿੱਠੀ ਬਾਣੀ ਵਿਚੇ ਭਗਤਾਂ-ਗੁਰੂਆਂ ਦਾ ਸਰਮਾਇਆ।

ਸ਼ਰਧਾ ਭੱਟਾਂ, ਗੁਰਸਿੱਖਾਂ ਦੀ ਪਾ ਭਗਤੀ ਦਾ ਇਕ ਗ੍ਰੰਥ ਬਣਾਇਆ। ਜਿਸ ਨੂੰ ਦਸਮੇਸ਼ ਪਿਤਾ ਨੇ ਜੁਗੋ ਜੁਗ ਅਟੱਲ ਗੁਰੂ ਪ੍ਰਗਟਾਇਆ।

ਗੁਰੂ ਗ੍ਰੰਥ ਸਾਹਿਬ ਦੇ ਵਿਚ 'ਸ਼ਬਦ ਗੁਰੂ' ਦੀ ਸੋਚ ਸਮਾਈ। ਗ੍ਰੰਥ "ਗੁਰੂ" ਨੂੰ ਉਚੱਾ ਰਖਿਆ ਆਪਣੀ ਚਾਦਰ ਹੇਠ ਵਿਛਾਈ।

ਕੰਮ ਕਿਸੇ ਕਰਨ ਤੋਂ ਪਹਿਲੇ ਗੁਰੂ ਗ੍ਰੰਥ ਅੱਗੇ ਅਰਦਾਸ ਸਿਖਾਈ। ਲੈਣ ਲਈ ਫਿਰ ਸੇਧ ਜੀਵਨ ਦੀ 'ਹੁਕਮਨਾਮੇ' ਦੀ ਰੀਤ ਚਲਾਈ।

ਨੀਂਹ ਦਰਬਾਰ ਸਾਹਿਬ ਦੀ ਵੇਖੋ ਮੀਆਂ ਮੀਰ ਕੋਲੋਂ ਰਖਵਾਈ। ਚਾਰੇ ਪਾਸੇ ਦੇ ਰਸਤੇ ਖੋਲੇ ਸਭ ਧਰਮਾਂ ਦੇ ਲੋਕਾਂ ਦੇ ਲਈ।

"ਰੱਬ" ਤਾਂ ਹੈ ਸਭਨਾ ਦਾ ਇਕੋ ਡਿਊਡੀ ਇਕੋ ਸਭਨਾ ਤਾਂਈਂ। ਨੀਵੇਂ ਤਲ ਤੋਂ ਦਿਸੇ ਨਿਮਰਤਾ ਸਰੋਵਰ ਤੋਂ ਸ਼ੁਧੀ ਦਰਸਾਈ

ਸੰਗਤਾਂ ਦਾ ਜਦ ਪਿਆਰ ਗੁਰੂ ਲਈ ਨਿੱਤ ਹੀ ਵਧਦਾ ਵੇਖਿਆ। ਜਹਾਂਗੀਰ ਨੂੰ ਤਖ਼ਤ ਆਪਣਾ ਉਦੋਂ ਤੋਂ ਪਿਆ ਹਿਲਦਾ ਦਿਸਿਆ।

ਕਿਹਾ ਛੱਡੋ ਧਰਮ ਆਪਣਾ ਤੁਸੀਂ ਵੀ ਹੁਣ ਇਸਲਾਮ ਕਬੂਲੋ। ਵਰਨਾ ਸੁਣੋ ਇਹ ਹੁਕਮ ਹੈ ਮੇਰਾ ਆਪਣੀ ਮੌਤ ਦੀ ਕਰੋ ਤੈਯਾਰੀ।

'ਧਰਮ ਧੁਜਾ' ਪੰਜਵੇ ਗੁਰ ਨਾਨਕ ਨਾ ਸੀ ਡਰੇ ਤੇ ਨਾ ਹੀ ਮੰਨੇ। ਤੱਤੀ ਤਵੀ ਉਤੇ ਜਾ ਬੈਠੇ ਜਿਵੇਂ ਤਖ਼ਤ ਉਤੇ ਰੋਜ਼ ਸੀ ਬਹਿੰਦੇ।

ਸੜਦੀ ਰੇਤ ਸਿਰ ਉਤੇ ਪੈ ਰਹੀ ਜਿਥੇ ਚੰਦੋਏ ਕਦੇ ਸੋਹੰਦੇ। ਅਡੋਲ ਦਿਸੇ ਗੁਰੂ ਅਰਜਨ ਸਾਹਿਬ ਬੋਲੇ ਖ਼ੁਸ਼ ਹਾਂ ਗੁਰੂ ਦੇ ਭਾਣੇ !

ਕਸ਼ਟ ਅਕਹਿ ਅਸਹਿ ਸਹਾਰੇ ਪਰ ਦੁਖੀਆਂ ਦੇ ਦੁਖ ਨਿਵਾਰੇ। ਬਿਨ ਸਵਾਰਥ ਕੁਰਬਾਨੀ ਦਿੱਤੀ ਜੈ ਜੈਕਾਰ ਹੋਈ ਜਗ ਸਾਰੇ।

ਜੋਤਿ ਅਭੇਦ ਹੋਣ ਤੋਂ ਪਹਿਲੇ ਹਰ ਗੋਬਿੰਦ ਜੀ ਗੁਰੂ ਸਵਾਰੇ। ਧਰਮੀਆਂ ਹਥ ਤਲਵਾਰ ਫੜਾਈ ਸੰਤਾਂ ਨੇ ਰੂਪ ਯੋਧਿਆਂ ਧਾਰੇ।

ਇਹ ਆਗਾਜ਼ ਸ਼ਹਾਦਤ ਦਾ ਸੀ ਲੈ ਕੇ ਲੱਖ ਸ਼ਹਾਦਤਾਂ ਆਇਆ। ਆਓ ਰਸਨਾ ਪਵਿੱਤਰ ਕਰੀਏ ਧੰਨ ਗੁਰੂ ਅਰਜਨ ਗਾਈਏ।

ਸਮਝ ਕੇ ਸ਼ੁਧ ਗੁਰਬਾਣੀ ਪੜ੍ਹੀਏ ਜੀਵਨ ਵਿਚ ਉਸ ਨੂੰ ਅਪਨਾਈਏ। ਸਚੀ ਕਿਰਤ ਜੀਣਾ ਪਿਆਰ ਨਾਲ ਆਪਣੀਆਂ ਭੁੱਲਾਂ ਨੂੰ ਬਖਸ਼ਾਈਏ।

# ਸਿੱਖੀ ਵਿੱਚ ਮਨਮੱਤਾਂ
# (Transgressions or Tabooed Practices in Sikhi)

**ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)**

ਗੁਰਮਤ/ਗੁਰਮਤਿ' ਸਤਿਗੁਰੂ ਦਾ ਸਿਧਾਂਤ ਤੇ ਗੁਰੂ ਦਾ ਥਾਪਿਆ ਧਰਮ ਦਾ ਨਿਯਮ ਹੈ। ਇਸ ਦੇ ਉਲਟ, 'ਮਨਮਤ/ਮਨਮਤਿ' ਮਨ ਦਾ ਥਾਪਿਆ ਨਿਯਮ, ਮਨ ਦੀ ਇੱਛਾ, ਗੁਰੂ ਅਤੇ ਧਰਮ ਦੇ ਵਿਰੁੱਧ ਆਪਣੇ ਮਨਭਾਉਂਦੇ ਨੇਮਾਂ ਤੇ ਨਿਸ਼ਚਾ ਰੱਖਣਾ (ਜਾਂ ਆਪ-ਹੁਦਰਾ ਵਿਹਾਰ ਕਰਨਾ) ਹੈ (ਮਹਾਨ ਕੋਸ਼)। ਸਿੱਖ ਰਹਿਤ ਮਰਯਾਦਾ ਅਨੁਸਾਰ: **"ਮਨਮਤਿ ਝੂਠੀ, ਸਚਾ ਸੋਇ॥"**

## ਸਿੱਖੀ ਰਹਿਣੀ ਸਬੰਧੀ ਮਨਮਤਾਂ

- ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਨੂੰ ਮੁਕਤੀ ਦਾ ਦਾਤਾ ਤੇ ਇਸ਼ਟ ਮੰਨਣਾ
- ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ
- ਗੁਰ-ਅਸਥਾਨਾਂ ਤੋਂ ਬਿਨਾਂ ਕਿਸੇ ਤੀਰਥ ਤੇ ਜਾਣਾ
- ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼ੀ, ਹੋਮ, ਯੱਗ ਤੇ ਵਿਸ਼ਵਾਸ਼
- ਇਕਾਦਸ਼ੀ, ਪੂਰਨਮਾਸ਼ੀ, ਆਦਿ ਦੇ ਵਰਤ
- ਤਿਲਕ, ਜੰਞੂ, ਤੁਲਸੀ, ਮਾਲਾ, ਗੋਰ (ਕਬਰ), ਮੱਠ, ਮੜ੍ਹੀ, ਮੂਰਤੀ ਪੂਜਾ, ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਜਨੇਊ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ, ਆਦਿ ਉਤੇ ਨਿਸ਼ਚਾ
- ਤਸਵੀਰਾਂ ਅੱਗੇ ਮੱਥੇ ਟੇਕਣੇ
- ਨੱਕ, ਕੰਨ, ਆਦਿ ਅੰਗ ਛੇਦਣੇ
- ਭੰਗ, ਅਫੀਮ, ਸ਼ਰਾਬ, ਤਮਾਕੂ, ਆਦਿ ਦਾ ਸੇਵਨ
- ਕੰਨਿਆਂ-ਮਾਰ ਨਾਲ ਵਰਤਣਾ; ਚੋਰੀ, ਯਾਰੀ, ਜੂਆ
- ਇਸਤਰੀਆਂ ਵਲੋਂ ਪਰਦਾ ਕਰਨਾ ਜਾਂ ਘੁੰਡ ਕੱਢਣਾ
- **ਚਾਰ ਬੱਜਰ ਕੁਰਹਿਤਾਂ**:-1) ਕੇਸਾਂ ਦੀ ਬੇਅਦਬੀ, 2) ਕੁੱਠਾ ਖਾਣਾ, 3) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ), 4) ਤਮਾਕੂ ਦੀ ਵਰਤੋਂ

## ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਾਜਮਾਨ ਅਸਥਾਨ ਅਤੇ ਗੁਰਦੁਆਰੇ ਸਬੰਧੀ ਮਨਮਤਾਂ

- ਪ੍ਰਕਾਸ਼ ਲਈ ਸਾਫ ਸਥਾਨ, ਚਾਂਦਨੀ, ਮੰਜੀ/ਪਾਲਕੀ, ਬਿਨਾ, ਗਦੇਲੇ ਤੇ ਰੁਮਾਲੇ ਤੋਂ ਵਾਧੂ ਸਜਾਵਟ
- ਲੋੜੀਂਦੀ ਰੌਸ਼ਨੀ ਹੁੰਦਿਆਂ ਜੋਤ ਜਗਾਉਣੀ
- ਦੀਵੇ/ਜੋਤਾਂ ਆਦਿ ਜਗਾ ਕੇ ਆਰਤੀ ਕਰਨੀ, ਭੋਗ ਲਾਉਣਾ, ਟੱਲ ਖੜਕਾਉਣੇ, ਆਦਿ ਕਰਮ-ਕਾਂਡ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਂਗ (ਤੁੱਲ) ਕਿਸੇ ਹੋਰ ਪੁਸਤਕ ਨੂੰ ਅਸਥਾਪਨ ਕਰਨਾ
- ਕਿਸੇ ਪ੍ਰਾਣੀ ਦਾ ਸੰਗਤ ਵਿਚ ਗਦੇਲਾ, ਕੁਰਸੀ, ਚੌਕੀ, ਮੰਜਾ, ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ
- ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਜਾਂ ਮੰਜੀ ਸਾਹਿਬ ਦੇ ਪਾਵਿਆਂ ਦੀ ਮੁੱਠੀ ਚਾਪੀ
- ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ, ਮੁੱਠੀਆਂ ਭਰਨੀਆਂ; ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ
- ਸੰਗਤ ਵਿਚ ਨੰਗੇ ਸਿਰ ਜਾਂ ਪਰਦਾ ਕਰਕੇ ਬੈਠਣਾ
- ਸੰਗਤ ਵਿੱਚ ਬੈਠਣ ਜਾਂ ਪ੍ਰਸ਼ਾਦ ਵਰਤਾਉਣ ਵੇਲੇ ਸਿੱਖ-ਗੈਰਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਵਿਤਕਰਾ
- ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ
- ਤਨਖਾਹੀਏ ਸਿੱਖ ਦੀ ਅਰਦਾਸ ਕਰਨੀ
- ਮੂਰਤੀਆਂ ਰੱਖਣੀਆਂ ਤੇ ਮੂਰਤੀ-ਪੂਜਾ ਕਰਨੀ
- ਅਨਮਤ ਦੇ ਤਿਉਹਾਰ ਮਨਾਉਣੇ

## ਸਹਿਜ ਪਾਠ ਜਾਂ ਅਖੰਡ ਪਾਠ ਸਬੰਧੀ ਮਨਮਤਾਂ

- ਪਾਠੀ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਵਿਚੋਂ ਕੋਈ ਸੁਣਨ ਵਾਲਾ ਨਾ ਹੋਣਾ
- ਬਹੁਤ ਤੇਜ਼ ਪਾਠ ਕਰਨਾ, ਜਿਸ ਤੋਂ ਸੁਣਨ ਵਾਲਾ (ਤੇ ਖ਼ੁਦ ਵੀ) ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ।
- ਸੰਗਤ ਨੂੰ ਗੈਰ-ਸਿੱਖ ਵਲੋਂ ਪਾਠ ਕਰਨਾ/ਸੁਨਾਉਣਾ
- ਪਾਠ ਵਾਲੀ ਥਾਂ ਕੁੰਭ, ਜੋਤ, ਨਾਰੀਅਲ, ਰੱਖਣਾ
- ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਕਿਸੇ ਹੋਰ ਬਾਣੀ ਦਾ ਪਾਠ, ਕੀਰਤਨ, ਕਥਾ, ਵਖਿਆਨ, ਆਦਿ

## ਕੀਰਤਨ, ਕਥਾ ਆਦਿ ਸਬੰਧੀ ਮਨਮਤਾਂ

- ਗੁਰੂ ਗ੍ਰੰਥ ਸਾਹਿਬ, ਜਾਂ ਰਚਨਾਵਾਂ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਪੰਥ-ਪ੍ਰਮਾਣਿਕ ਇਤਿਹਾਸ ਤੋਂ ਬਿਨਾਂ ਕੀਰਤਨ 'ਤੇ ਕਥਾ ਕਰਨਾ

- ਗੁਰਬਾਣੀ ਸ਼ਬਦਾਂ ਨੂੰ ਵਾਧੂ ਧਾਰਨਾ ਜਾਂ ਮਨਘੜਤ ਤੁੱਕਾਂ ਲਾ ਕੇ ਗਾਉਣਾ
- ਦੀਵਾਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸੇਵਾਦਾਰ ਦਾ ਨਾ ਹੋਣਾ
- ਸੰਗਤ ਵਿੱਚ ਗੈਰ-ਸਿੱਖ ਵਲੋਂ ਕੀਰਤਨ ਜਾਂ ਕਥਾ
- ਗੁਰਮਿਤ ਦ੍ਰਿੜ੍ਹਾਉਣ ਤੋਂ ਬਿਨਾ ਕਥਾ ਜਾਂ ਵਖਿਆਨ

### ਜਨਮ ਤੇ ਨਾਮ ਸੰਸਕਾਰ ਸਬੰਧੀ ਮਨਮਤਾਂ

- ਸੂਤਕ ਦਾ ਭਰਮ ਕਰਨਾ। ਗੁਰੂ ਸਿਖਿਆ ਹੈ,

***"ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥"***

- ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ
- ਸਿੰਘ ਜਾਂ ਕੌਰ ਤੋਂ ਬਿਨਾ ਨਾਮ ਰੱਖਣਾ

### ਅੰਮ੍ਰਿਤ ਸੰਸਕਾਰ ਸਬੰਧੀ ਮਨਮਤਾਂ

- ਬਹੁਤ ਛੋਟੀ ਅਵਸਥਾ, ਹੋਸ਼ ਸੰਭਾਲਣ ਤੋਂ ਪਹਿਲਾਂ
- ਕੇਸੀ ਇਸ਼ਨਾਨ ਅਤੇ ਪੰਜ ਕਕਾਰ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ) ਤੋਂ ਬਿਨਾਂ
- ਨੰਗਾ ਸਿਰ, ਟੋਪੀ ਅਤੇ ਛੇਦਕ (ਨੱਕ, ਕੰਨ ਵਿੰਨ੍ਹ ਕੇ ਪਾਉਣ ਵਾਲੇ) ਗਹਿਣੇ

### ਅਨੰਦ ਕਾਰਜ ਸਬੰਧੀ ਮਨਮਤਾਂ

- ਗੈਰ-ਸਿੱਖ ਨਾਲ ਵਿਆਹ; ਜਾਤ ਪਾਤ, ਗੋਤ ਦਾ ਵਿਚਾਰ; ਅਨੰਦ ਰੀਤੀ ਤੋਂ ਬਿਨਾਂ ਵਿਆਹ; ਬਚਪਨ ਵਿੱਚ ਵਿਆਹ
- ਅਨੰਦ ਕਾਰਜ ਲਈ ਥਿਤਿ-ਵਾਰ, ਚੰਗੇ-ਮੰਦੇ ਦਿਨ ਜਾਂ ਸਮੇਂ ਦੀ ਖੋਜ ਲਈ ਪੱਤ੍ਰੀ ਵਾਚਣਾ
- ਸਿਹਰਾ, ਮੁਕਟ, ਜਾਂ ਗਾਨਾ ਬੰਨ੍ਹਣਾ
- ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਜੰਡੀ ਵੱਡਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ
- ਅਨਮਤ ਵਾਲਿਆਂ ਦਾ ਅਨੰਦ ਕਾਰਜ
- ਪੈਸਾ ਲੈ ਕੇ ਲੜਕੇ ਜਾਂ ਲੜਕੀ ਦਾ ਸੰਜੋਗ ਕਰਨਾ
- ਬਾਲਕੀ ਦੇ ਗ੍ਰਹਿ ਵਿਖੇ ਖਾਣ ਪੀਣ ਤੋਂ ਮਨ੍ਹਾ ਕਰਨਾ
- ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ

### ਮਿਰਤਕ ਸੰਸਕਾਰ ਸਬੰਧੀ ਮਨਮਤਾਂ

- ਪ੍ਰਾਣੀ ਨੂੰ ਮਰਨ ਵੇਲੇ ਮੰਜੇ ਤੋਂ ਹੇਠਾਂ ਉਤਾਰਨਾ ਤੇ ਕਕਾਰ ਜੁਦਾ ਕਰਨੇ
- ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਮਾਰਨੀ, ਪਿੱਟਣਾ, ਜਾਂ ਸਿਆਪਾ ਕਰਨਾ
- ਸਸਕਾਰ ਲਈ ਦਿਨ ਜਾਂ ਰਾਤ ਦਾ ਭਰਮ ਕਰਨਾ
- ਦੀਵਾ-ਵੱਟੀ, ਗਊ ਮਣਸਾਉਣਾ ਆਦਿ
- ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਬੁਢਾ, ਮਰਨਾ, ਕਪਾਲ ਕਿਰਿਆ
- ਫੁੱਲ (ਅਸਥੀਆਂ) ਰਾਖ ਤੋਂ ਵੱਖ ਕਰਨੇ ਅਤੇ ਕਿਸੇ ਖਾਸ ਥਾਂ, ਜਿਵੇਂ ਹਰਦੁਆਰ, ਪਤਾਲਪੁਰੀ, ਕਰਤਾਰਪੁਰ, ਕੀਰਤਪੁਰ ਸਾਹਿਬ, ਆਦਿ ਤਾਰਨੇ
- ਮ੍ਰਿਤਕ ਪ੍ਰਾਣੀ ਦੀ ਯਾਦਗਾਰ ਜਾਂ ਮੜ੍ਹੀ ਬਨਾਉਣੀ
- 'ਦੁਸਿਹਰੇ' ਦੇ ਪਿਛੋਂ ਪਿੱਤਰ (ਵੱਡੇ ਵਡੇਰੇ), ਖਿਆਹ (ਮਰਨ ਵਾਲੇ ਦਿਨ ਸ਼ਰਾਧ), ਹੋਰ ਕਿਰਿਆ ਕਰਮ
- ਤਰਪਣ (ਪਿਤਰਾਂ ਤੇ ਦੇਵਤਿਆਂ ਨੂੰ ਜਲ ਭੇਜਣਾ)

### ਕੁਝ ਹੋਰ ਮਨਮੱਤਾਂ/ਦੰਭ/ਵਹਿਮ-ਭਰਮ

- ਕਿਸੇ ਖ਼ਾਸ ਦਿਨ ਤੇ ਖ਼ਾਸ ਤਰ੍ਹਾਂ ਦਾ ਪ੍ਰਸ਼ਾਦ ਚੜ੍ਹਾਉਣਾ
- ਸੁੱਖਣਾ ਸੁੱਖਣੀ, ਜਾਂ ਸੁੱਖਣਾ ਪੂਰੀ ਹੋਣ ਤੇ ਪਾਠ ਜਾਂ ਅਰਦਾਸ ਕਰਨੀ/ਕਰਵਾਉਣੀ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਖਾਸਣ ਵਾਲੀ ਥਾਂ ਤੇ ਪੱਖੇ ਜਾਂ ਏ.ਸੀ. ਆਦਿ ਵਰਤਣੇ
- ਤਸਵੀਰ, ਬੁੱਤ, ਮੂਰਤੀ, ਮਨੁੱਖ, ਨਾਰੀ, ਜਾਨਵਰ, ਬਨਸਪਤੀ/ਦਰਖਤ, ਆਦਿ ਨੂੰ ਮੱਥਾ ਟੇਕਣਾ/ਪੂਜਣਾ
- ਪਾਲਕੀ ਅੱਗੇ ਪਾਣੀ ਛਿੜਕਣਾ
- ਤਵੀਤ, ਧਾਗਾ (ਅੱਟਾ), ਪੇੜਾ, ਆਦਿ ਕਰਵਾਉਣਾ, ਜਾਂ ਗ੍ਰੰਥੀ/ਸੇਵਾਦਾਰ ਵਲੋਂ ਕਰਕੇ ਦੇਣਾ
- ਨਜ਼ਰ ਉਤਾਰਣੀ ਜਾਂ ਉਤਰਵਾਉਣੀ; ਜੋਤਿਸ਼, ਟੇਵਾ
- ਟੂਣਾ, ਕਾਲਾ ਜਾਦੂ, ਆਦਿ ਕਰਨਾ; ਬਲੀ ਦੇਣੀ
- ਘਰ ਦਾ ਮੂੰਹ ਕਿਸੇ ਖਾਸ ਦਿਸ਼ਾ ਵਿੱਚ ਹੋਣ ਦਾ ਵਹਿਮ
- ਕਰਵਾ ਚੌਥ ਤੇ ਹੋਰ ਵਰਤ, ਕੰਜਕਾਂ ਬਿਠਾਉਣੀਆਂ
- ਗੁਰੂ ਗ੍ਰੰਥ ਸਾਹਿਬ ਨੂੰ ਮੜ੍ਹੀਆਂ ਤੇ ਲਿਜਾਣਾ
- "ਪੰਜ ਸਿੰਘਾਂ" ਨੂੰ ਖਾਣਾ ਖਵਾਉਣ ਦਾ ਕਰਮਕਾਂਡ
- ਦੇਹਧਾਰੀ ਗੁਰੂ ਮੰਨਣਾਂ ਜਾਂ ਚਰਣਾਮਿਤ ਲੈਣਾ/ਦੇਣਾ
- ਘਰੋਂ ਤੁਰਨ ਲਗੇ ਛਿੱਕ, ਪਿਛੋਂ ਅਵਾਜ, ਕਾਲੀ ਬਿਲੀ ਰਸਤਾ ਕੱਟੇ; ਮੰਜੀ ਪੁੱਠੀ ਖੜੀ ਕਰਨ ਦੇ ਵਹਿਮ

### ਸਾਰਅੰਸ਼

ਮਨਮਤਾਂ, ਕਰਮ-ਕਾਂਡ ਤੇ ਵਹਿਮ-ਭਰਮ, ਪ੍ਰਭੂ ਦੇ ਮਿਲਾਪ ਤੇ ਜੀਵਨ-ਮੁਕਤੀ ਵਿੱਚ ਵੱਡੀ ਰੁਕਾਵਟ ਹਨ। ਵਾਹਿਗੁਰੂ ਸਾਨੂੰ ਇਨ੍ਹਾਂ ਤੋਂ ਦੂਰ ਰਹਿਣ ਅਤੇ ਗੁਰਮਤਿ ਅਨੁਸਾਰ ਜੀਣ ਦੀ ਸੋਝੀ ਅਤੇ ਸਮਰਥਾ ਬਖ਼ਸ਼ਣ।

***"ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖ ਪਾਈਐ ਰੇ॥"*** (ਗੁਰੂ ਗ੍ਰੰਥ ਸਾਹਿਬ, ਪੰਨਾ 209)

ਇਹ ਕਹਾਣੀ ਨਹੀ

# ਪਥਰਾਏ ਹੰਝੂ ਤੇ ਚਾਬੀਆਂ ਦਾ ਗੁੱਛਾ

ਡਾ: ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਬੜੇ ਸਾਲਾਂ ਤਕ ਜੰਗਾਲ ਲੱਗੀਆਂ ਚਾਬੀਆਂ ਦਾ ਇੱਕ ਵੱਡਾ ਸਾਰਾ ਗੁੱਛਾ ਅਸਾਂ ਬੱਚਿਆਂ ਲਈ ਖੇਡਣ ਦਾ ਸਮਾਨ ਬਣਿਆ ਰਿਹਾ ਸੀ। ਬੀਜੀ ਭਾਪਾ ਜੀ ਨੂੰ ਕਈ ਵਾਰ ਚਾਬੀਆਂ ਬਾਰੇ ਪੁੱਛਿਆ, ਪਰ ਹਰ ਵਾਰ ਟਾਲ ਮਟੋਲ ਕਰ ਦਿੰਦੇ। ਪਰ ਅੱਜ ਮੈਂ ਬੀਜੀ ਦੇ ਖਹਿੜੇ ਹੀ ਪੈ ਗਿਆ ਤਾਂ ਬੜੇ ਧੀਰਜ ਵਾਲੀ ਤੇ ਘੱਟ ਬੋਲਣ ਵਾਲੀ ਮੇਰੀ ਮਾਂ ਦੇ ਚਿਰਾਂ ਦੇ ਪਥਰਾਏ ਹੰਝੂ ਆਪ-ਮੁਹਾਰੇ ਹੀ ਛਲਕ ਪਏ। ਪੱਲੇ ਨਾਲ ਹੰਝੂ ਪੂੰਝ ਆਪਣੀ ਗੋਦੀ ਵਿੱਚ ਲੈ ਮੇਰਾ ਸਿਰ ਪਲੋਸਿਆ ਤੇ ਯਾਦਾਂ ਦੇ ਵਹਿਣ ਵਿੱਚ ਵਹਿ ਤੁਰੇ। ਬਾਤ ਲੰਮੇਰੀ ਹੁੰਦੀ ਗਈ, ਰਾਤ ਛੋਟੀ ਹੁੰਦੀ ਗਈ ……

ਅਗਸਤ 1947 ਦਾ ਉਹ ਦਿਨ ਜਿਸ ਦਿਨ ਮੇਰੇ ਮਾਪਿਆਂ ਨੇ ਪਿੰਡ ਦੇ ਹਿੰਦੂ ਸਿੱਖਾਂ ਸਮੇਤ ਪੰਜਾਬ ਦੇ ਦਿਲ ਤੇ ਖਿੱਚੀ ਗਈ ਲਕੀਰ ਦੇ ਦੂਜੇ ਪਾਸੇ ਵੱਲ ਕੂਚ ਕਰਨਾ ਸੀ। ਉਹਨਾਂ ਦਾ ਪਿੰਡ ਨਵੇਂ ਬਣੇ ਦੇਸ਼ ਪਾਕਿਸਤਾਨ ਵਿਚ ਆ ਗਿਆ ਸੀ; ਇਸ ਦਾ ਪਤਾ ਥੋੜੇ ਦਿਨ ਪਹਿਲਾਂ ਹੀ ਲੱਗਾ ਸੀ। ਇਤਿਹਾਸ ਦੀ ਸਭ ਤੋਂ ਵੱਡੀ 'ਤੇ ਖ਼ੂਨੀ ਮਨੁੱਖੀ ਅਦਲਾ-ਬਦਲੀ ਸ਼ੁਰੂ ਹੋ ਚੁੱਕੀ ਸੀ। ਨਹੁੰਆਂ ਤੋਂ ਮਾਸ ਅਲੱਗ ਹੋ ਰਿਹਾ ਸੀ ਤੇ ਮਨੁੱਖਤਾ ਦਾ ਘਾਣ ਹੋ ਰਿਹਾ ਸੀ। ਗੁਰੂ ਨਾਨਕ ਦੇ ਬੋਲ ***"ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥"*** ਫਿਰ ਸੱਚੇ ਸਾਬਤ ਹੋਣ ਲੱਗੇ ਸਨ।

ਪਲ ਪਲ ਬਦਲਦੇ ਹਾਲਾਤਾਂ ਕਰਕੇ ਤੁਰਨ ਲਈ ਕੁਝ ਹੀ ਘੰਟਿਆਂ ਦਾ ਨੋਟਿਸ ਮਿਲਿਆ ਸੀ, ਸੋ ਥੋੜਾ ਬਹੁਤ ਜ਼ਰੂਰੀ ਸਮਾਨ ਗੁਆਂਢੀਆਂ ਦੇ ਗੱਡੇ ਵਿੱਚ ਰੱਖ ਲਿਆ। ਸਾਰੇ ਲੋਕਾਂ ਨੇ ਇਕੱਠਾ ਕਾਫ਼ਲੇ ਦੇ ਰੂਪ ਵਿੱਚ ਤੁਰਨਾ ਸੀ, ਤੇ ਅੱਗੇ ਜਾ ਕੇ ਵੱਡੇ ਕਾਫ਼ਲੇ ਵਿੱਚ ਰਲਣਾ ਸੀ। ਆਪਣੇ ਭਰੇ-ਭਰਾਏ ਘਰ ਨੂੰ ਆਖਰੀ ਵਾਰ ਦੇਖਿਆ, ਅੜਾਟ ਪਾ ਰਹੀਆਂ ਤੇ ਰੱਸੇ ਤੁੜਾਨ ਦੀ ਕੋਸ਼ਿਸ਼ ਕਰ ਰਹੀਆਂ ਗਾਵਾਂ ਦਾ ਸਿਰ ਪਲੋਸਿਆ, ਅਤੇ ਅੰਦਰਲੇ ਕਮਰਿਆਂ ਤੇ ਬਾਹਰਲੇ ਬੂਹੇ ਨੂੰ ਦੂਹਰੇ ਜਿੰਦਰੇ ਲਾ *'ਚਾਬੀਆਂ ਸਾਂਭ ਲਈਆਂ'*, ਇਸ ਧੁੰਦਲੀ ਆਸ ਵਿੱਚ ਕਿ ਬਸ ਛੇਤੀ ਹੀ ਤਾਂ ਮੁੜ ਆਉਣਾ ਹੈ। ਬੇਜ਼ਬਾਨ ਗਾਵਾਂ ਦੀਆਂ ਅੱਖਾਂ 'ਚੋਂ ਵਗਦੇ ਅੱਥਰੂ ਬੀਜੀ ਨੇ ਆਪ ਦੇਖੇ ਸਨ, ਜਿਵੇਂ ਕਹਿ ਰਹੀਆਂ ਹੋਣ, ਰੱਬ ਦਾ ਵਾਸਤਾ ਏ ਸਾਨੂੰ ਵੀ ਨਾਲ ਲੈ ਚੱਲੋ, ਜ਼ਾਲਮਾਂ ਨੇ ਸਾਨੂੰ ਛੱਡਣਾ ਨਹੀਂ।

ਪਿੰਡ ਦੇ ਕੁਝ ਮੁਸਲਮਾਨ ਮਰਦ ਔਰਤਾਂ ਆਪਣੇ ਵਿਛੜ ਰਹੇ ਹਿੰਦੂ ਸਿੱਖ ਵੀਰਾਂ ਭੈਣਾਂ ਦੇ ਗਲੇ ਮਿਲ ਸਿਸਕੀਆਂ ਭਰ ਰਹੇ ਸਨ, ਤੇ ਉਨ੍ਹਾਂ ਦੇ ਘਰਾਂ ਦਾ ਖਿਆਲ ਰੱਖਣ ਦੇ ਵਾਅਦੇ ਕਰ ਰਹੇ ਸਨ। ਮੁਸਲਮਾਨ ਪਰਿਵਾਰਾਂ ਦੇ ਬੱਚੇ ਆਪਣੇ ਨਾਲ ਹਰ ਰੋਜ਼ ਖੇਡਣ ਵਾਲੇ ਹਿੰਦੂ-ਸਿੱਖ ਬੱਚਿਆਂ ਨੂੰ ਗੱਡਿਆਂ ਤੇ ਬੈਠੇ ਦੇਖ ਹੈਰਾਨ ਹੋ ਰਹੇ ਸਨ। ਹੋ ਰਿਹਾ ਅਜੀਬ ਵਰਤਾਰਾ ਉਨ੍ਹਾਂ ਦੀ ਮਾਸੂਮ ਸਮਝ ਤੋਂ ਬਾਹਰ ਸੀ। ਬਹੁਤੇ ਲੋਕ ਘਰਾਂ ਅੰਦਰੋਂ ਇਸ ਵਰਤ ਰਹੀ ਹੋਣੀ ਨੂੰ ਤਕ ਰਹੇ ਸਨ। ਵਿੱਚੋਂ ਕੁੱਝ ਲੋਕ ਸ਼ਾਇਦ ਖੁਸ਼ ਵੀ ਹੋਣਗੇ ਕਿ ਜਾ ਰਹੇ ਲੋਕਾਂ ਦਾ ਮਾਲ-ਅਸਬਾਬ ਲੁੱਟਣ ਤੋਂ ਹੁਣ ਉਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ।

ਬੀਜੀ ਦੀਆਂ 3-4 ਮੁਸਲਮਾਨ ਸਹੇਲੀਆਂ, ਜਿੰਨਾਂ ਨਾਲ ਉਨ੍ਹਾਂ ਕਪਾਹ ਚੁਗੀ ਸੀ, ਗੰਨੇ ਚੂਪੇ ਅਤੇ ਪੀਂਘਾਂ ਝੂਟੀਆਂ, ਚਰਖਾ ਕਤਦਿਆਂ ਤੇ ਫੁਲਕਾਰੀ ਕਢਦਿਆਂ ਮਾਹੀਏ ਗਾਏ ਤੇ ਸਾਰੀ ਸਾਰੀ ਰਾਤ ਜਾਗ ਦੁਖ-ਸੁਖ ਸਾਂਝਾ ਕੀਤਾ ਸੀ, ਮਿਲਣ ਆਈਆਂ। ਗਲੇ ਮਿਲ ਐਨਾ ਰੋਈਆਂ ਕਿ ਅਸਮਾਨ ਪਾਟ ਗਿਆ। ਉਨ੍ਹਾਂ ਨੂੰ ਮਸਾਂ ਈ ਵੱਖ ਕੀਤਾ ਗਿਆ। ਝੂਠੀਆਂ ਤਸੱਲੀਆਂ ਦਿੱਤੀਆਂ ਗਈਆਂ ਕਿ ਥੋੜੇ ਦਿਨਾਂ ਦੀ ਗੱਲ ਹੈ, ਸਭ ਠੀਕ ਹੋ ਜਾਣੈ, ਤੇ ਤੁਸਾਂ ਆਪਣੇ ਘਰਾਂ ਨੂੰ ਪਰਤ ਆਉਣੈ।

ਕਾਫ਼ਲੇ ਦੇ ਤੁਰਨ ਦੀ ਤਿਆਰੀ ਪੂਰੀ ਹੋ ਚੁੱਕੀ ਸੀ। ਤਦੇ ਪਿੰਡ ਦਾ ਇਕ ਮੁਸਲਮਾਨ ਬੰਦਾ ਬੜਾ ਘਬਰਾਇਆ ਹੋਇਆ ਕਾਹਲੀ ਕਾਹਲੀ ਆਇਆ ਤੇ ਭਾਪਾ ਜੀ, ਜੋ ਪਿੰਡ ਵਿੱਚ ਕੱਲੇ-ਕਾਰੇ ਡਾਕਟਰ ਸਨ, ਦੀ ਮਿੰਨਤ ਕਰਦਾ ਕਹਿਣ ਲੱਗਾ, "ਸਰਦਾਰ ਜੀ, ਮੇਰੇ ਨਾਲ ਚਲੋ, ਮੇਰੀ ਘਰ ਵਾਲੀ ਦੇ ਬੱਚਾ ਹੋਣ ਵਾਲਾ ਹੈ, ਉਹ ਡਾਢੀ ਤਕਲੀਫ਼ ਵਿੱਚ ਹੈ, ਤੇ ਦਾਈ ਨੇ ਹੱਥ ਖੜੇ ਕਰ ਦਿੱਤੇ ਹਨ। ਖ਼ੁਦਾ ਦਾ ਵਾਸਤਾ ਹੈ, ਤੁਸੀਂ ਚਲੋ ਨਹੀਂ ਤਾਂ ਉਹ ਬੱਚੇ ਸਮੇਤ ਮਰ ਜਾਵੇਗੀ।" ਇਹ ਕਹਿ ਉਹ ਡੁਸਕਣ ਲੱਗ ਪਿਆ।

ਭਾਪਾ ਜੀ ਨੇ ਉਸਨੂੰ ਹੌਸਲਾ ਦਿੱਤਾ, ਗੱਡੇ ਤੇ ਰੱਖੇ ਸਮਾਨ 'ਚੋਂ ਆਪਣਾ ਮੈਡੀਕਲ ਬਾਕਸ ਕੱਢਿਆ ਤੇ ਉਸ ਬੰਦੇ ਨਾਲ ਤੁਰਨ ਲੱਗੇ। ਮਨੁੱਖੀ-ਧਰਮ ਵਿਚ ਪੱਕੇ ਅਤੇ ਆਪਣੇ ਕਿੱਤੇ ਬਾਰੇ ਵਫ਼ਾਦਾਰ ਭਾਪਾ ਜੀ ਇਕ ਪਲ ਲਈ ਵੀ ਨਹੀਂ ਝਿਜਕੇ। ਭਾਪਾ ਜੀ ਦੇ ਸੁਭਾਅ ਤੋਂ ਜਾਣੂ ਬੀਜੀ ਨੇ ਉਹਨਾਂ ਨੂੰ ਨਹੀਂ ਰੋਕਿਆ, ਬਸ ਕਿਹਾ ਕਿ ਕਾਫ਼ਲਾ ਕਿਸੇ ਵੇਲੇ ਵੀ ਤੁਰ ਸਕਦੈ, ਛੇਤੀ ਮੁੜਨਾ। ਨਾਲੇ ਪਿੰਡੋਂ ਬਾਹਰ ਲੁਟੇਰੇ ਹਮਲਾ ਕਰਨ ਲਈ ਤਾਕ ਲਾਈ ਬੈਠੇ ਹਨ, ਆਪਣਾ ਖਿਆਲ ਰੱਖਣਾ। ਭਾਪਾ ਜੀ ਨੇ ਬੀਜੀ ਨੂੰ ਫਿਕਰ ਨਾ ਕਰਨ ਲਈ ਕਿਹਾ ਤੇ ਉਸ ਬੰਦੇ ਨਾਲ ਟੁਰ ਗਏ।

ਗਲਾਂ ਵਿੱਚ ਪਸਤੌਲ ਪਾਈ ਤੇ ਘੋੜਿਆਂ 'ਤੇ ਸਵਾਰ ਕਾਫ਼ਲੇ ਦੇ ਲੀਡਰ ਆਖ਼ਰੀ ਇੰਤਜ਼ਾਮ ਦੇਖ ਰਹੇ ਸਨ। ਬੀਜੀ ਨੂੰ ਫ਼ਿਕਰ ਹੋ ਰਿਹਾ ਸੀ ਕਿਉਂਕਿ ਭਾਪਾ ਜੀ ਅਜੇ ਤਕ ਨਹੀਂ ਸੀ ਮੁੜੇ। ਛੇਤੀ ਹੀ ਕਾਫ਼ਲੇ ਦਾ ਮੋਹਰਲਾ ਹਿੱਸਾ ਤੁਰ ਪਿਆ ਅਤੇ ਥੋੜੇ ਚਿਰ ਬਾਅਦ ਗੁਆਂਢੀਆਂ ਦੇ ਗੱਡਿਆਂ ਦੇ ਤੁਰਨ ਦੀ ਵਾਰੀ ਆ ਗਈ। ਬੀਜੀ ਨੇ ਥੋੜਾ ਚਿਰ ਰੁਕਣ ਲਈ ਮਿੰਨਤ ਕੀਤੀ। ਜਦ ਭਾਪਾ ਜੀ ਨਾ ਆਏ ਤਾਂ ਉਹਨਾਂ ਨੇ ਹੌਲੀ ਹੌਲੀ ਗੱਡੇ ਤੋਰ ਲਏ ਕਿਉਂਕਿ ਪਿਛਲੇ ਗੱਡਿਆਂ ਵਾਲੇ ਕਾਹਲੇ ਪੈ ਰਹੇ ਸਨ। ਕਾਫ਼ਲੇ ਦੇ ਆਗੂ ਪਹਿਲਾਂ ਹੀ ਖ਼ਫ਼ਾ ਸਨ ਕਿ ਭਾਪਾ ਜੀ ਇਸ ਘੋਰ ਸੰਕਟ ਮਈ ਸਮੇਂ, ਜਦੋਂ ਹਰ ਇੱਕ ਨੂੰ ਆਪਣੀ ਜਾਨ ਦੀ ਪਈ ਸੀ, ਕਾਫ਼ਲਾ ਛੱਡ ਕਿਉਂ ਚਲੇ ਗਏ, ਉਹ ਵੀ ਕਿਸੇ ਮੁਸਲਮਾਨ ਦਾ ਇਲਾਜ ਕਰਨ। ਬੱਚੇ ਰੋਣ ਲੱਗੇ, ਬੀਜੀ ਵੀ ਘਬਰਾਏ, ਪਰ ਉਸੇ ਵੇਲੇ ਦੇਖਿਆ ਕਿ ਦੂਰ ਭਾਪਾ ਜੀ ਦੌੜਦੇ ਆ ਰਹੇ ਸਨ। ਛੇਤੀ ਹੀ ਉਹ ਸਾਹੋ ਸਾਹ ਹੋਏ ਗੱਡਿਆਂ ਤਕ ਪਹੁੰਚ ਗਏ।

ਉਹਨਾਂ ਦੱਸਿਆ ਕਿ ਉਹ ਮੁਸਲਿਮ ਔਰਤ ਕਾਫ਼ੀ ਤਕਲੀਫ਼ ਵਿੱਚ ਸੀ; ਸ਼ਾਇਦ ਬੱਚਾ ਵੀ ਇਸ ਦਰਿੰਦਗੀ ਭਰੇ ਮਹੌਲ ਵਿੱਚ ਦੁਨੀਆਂ ਵਿੱਚ ਆਉਣੋਂ ਡਰ ਰਿਹਾ ਸੀ। ਪਰ ਰੱਬ ਦੀ ਕਿਰਪਾ ਤੇ ਦਵਾ-ਦਾਰੂ ਨਾਲ ਮਾਂ ਤੇ ਬੱਚਾ ਦੋਵੇਂ ਬਚ ਗਏ ਸਨ। ਉਹਨਾਂ ਇਹ ਵੀ ਦੱਸਿਆ ਕਿ ਉਸ ਮੁਸਲਿਮ ਪਰਿਵਾਰ ਨੇ ਸਾਡੀ ਸਲਾਮਤੀ ਲਈ ਦੁਆ ਕੀਤੀ ਸੀ ਅਤੇ ਢੇਰ ਸਾਰੀਆਂ ਅਸੀਸਾਂ ਦਿੱਤੀਆਂ ਸਨ।

ਉਸ ਭਿਆਨਕ ਸਮੇਂ ਤੇ ਵੀ, ਜਦੋਂ ਉਹ ਆਪਣੀ ਜਨਮ-ਭੂਮੀ ਤੇ ਕਰਮ-ਭੂਮੀ ਸਦਾ ਲਈ ਛੱਡ ਧੁੰਦਲੇ ਭਵਿੱਖ ਵਲ ਜਾ ਰਹੇ ਸਨ, ਆਪਣੀ ਜਾਨ ਖ਼ਤਰੇ ਵਿੱਚ ਪਾ ਇੱਕ ਦੁਖੀ ਪਰਿਵਾਰ ਦੀ ਮਦਦ ਕਰਕੇ ਭਾਪਾ ਜੀ ਦੇ ਚਿਹਰੇ 'ਤੇ ਸੰਤੁਸ਼ਟੀ ਅਤੇ ਸ਼ੁਕਰਾਨੇ ਦੀ ਇਕ ਅਨੋਖੀ ਝਲਕ ਸੀ।

***"ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥"***
(ਗੁਰੂ ਗ੍ਰੰਥ ਸਾਹਿਬ, ਪੰਨਾ 815)

ਕਾਫ਼ਲੇ ਦੇ ਗੱਡੇ ਅਜੇ ਪਿੰਡ ਦੀ ਜੂਹ 'ਚੋਂ ਮਸਾਂ ਹੀ ਬਾਹਰ ਨਿਕਲੇ ਸਨ ਕਿ "ਅੱਲਾਹ ਹੂ ਅਕਬਰ" ਦੇ ਨਾਹਰੇ ਲਾਉਂਦੇ ਲੁਟੇਰਿਆਂ ਨੇ ਪਿੰਡ ਦੀ ਲੁੱਟ-ਮਾਰ ਸ਼ੁਰੂ ਕਰ ਦਿੱਤੀ। ਆਪਣੇ ਪੁਸ਼ਤੈਨੀ ਘਰਾਂ ਜਾਇਦਾਦਾਂ ਨੂੰ ਲੁਟਦਿਆਂ ਤੇ ਲਾਂਬੂ ਲਗਦਿਆਂ ਦੇਖ ਮੁੜ ਮੁੜ ਪਿੱਛੇ ਦੇਖਦੀਆਂ ਹਜ਼ਾਰਾਂ ਅੱਖਾਂ ਲਹੂ ਦੇ ਅੱਥਰੂ ਵਹਾ ਰਹੀਆਂ ਸਨ। ਸੈਂਕੜੇ ਸਾਲਾਂ ਤੋਂ ਇਹਨਾਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਭਾਰਤ ਦੀ ਆਜ਼ਾਦੀ ਦੀ ਬੜੀ ਮਹਿੰਗੀ ਕੀਮਤ ਚੁਕਾ ਰਹੇ ਸਨ, ਤੇ ਹੁਣ ਰਫਿਊਜੀ ਬਣ ਕਿਸੇ ਅਣਦੇਖੇ ਅਣਜਾਣੇ ਭਵਿੱਖ ਵਲ ਜਾ ਰਹੇ ਸਨ। ਸਦੀਆਂ ਦੇ ਰਿਸ਼ਤੇ ਇਸ ਤਰ੍ਹਾਂ ਦਿਨਾਂ ਘੰਟਿਆਂ ਵਿੱਚ ਚਕਨਾਚੂਰ ਹੋ ਜਾਣਗੇ, ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ। 'ਰਫਿਊਜੀ' ਹੋਣ ਦੀ ਤਖ਼ਤੀ ਗਾਹਲ ਵਾਂਗ ਉਹਨਾਂ ਦੇ ਗਲਾਂ ਵਿੱਚ ਸਦਾ ਲਈ ਲਟਕ ਜਾਵੇਗੀ, ਇਸ ਗੱਲ ਦਾ ਕਿਆਸ ਉਹਨਾਂ ਕਦੇ ਨਹੀਂ ਸੀ ਕੀਤਾ।

ਉਧਰ ਪਿੰਡ ਵਿੱਚ ਬੰਦ ਘਰਾਂ ਅੰਦਰ ਕੁੱਝ ਪਾਕ ਰੂਹਾਂ ਸੇਜਲ ਅੱਖਾਂ ਤੇ ਥਿੜਕਦੇ ਬੋਲਾਂ ਨਾਲ ਆਪਣੇ ਦੂਰ ਜਾ ਰਹੇ ਭੈਣਾਂ ਭਰਾਵਾਂ ਨੂੰ ਤੱਤੀ ਵਾ ਨਾ ਲੱਗਣ ਲਈ ਅੱਲਾ ਤਾਲਾ ਅੱਗੇ ਦੁਆ ਕਰ ਰਹੀਆਂ ਸਨ।

ਹੌਲੀ ਹੌਲੀ ਤੁਰਦਾ ਕਾਫ਼ਲਾ ਕੁੱਝ ਕੁ ਮਿੰਟਾਂ ਵਿੱਚ ਅੱਖੋਂ ਓਝਲ ਹੋ ਗਿਆ। ਚੜ੍ਹਦੇ ਵੱਲ ਨੂੰ ਜਾਂਦੇ ਕੱਚੇ ਰਸਤੇ 'ਤੇ ਗਰਦ ਦਾ ਇੱਕ ਵੱਡਾ ਬੱਦਲ ਉੱਚਾ ਉਠ ਅੰਬਰ ਤਕ ਪੁੱਜ ਰਿਹਾ ਸੀ।

***"ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥"*** (ਗੁਰੂ ਗ੍ਰੰਥ ਸਾਹਿਬ, ਪੰਨਾ 417)




Photo courtesy: SikhNet.com

# ਜੂਨ ਦਾ ਮਹੀਨਾ

ਰੂਬੀਨਾ ਸਿੰਘ, ਵਿਦਿਆਰਥਣ, ਯੂਨੀਵਰਸਿਟੀ ਆਫ ਕੈਲਗਰੀ (ਕੈਨੇਡਾ)

**ਜੂਨ** ਦਾ ਨਾਂ ਰੋਮਨ ਦੇਵੀ ਜੂਨੋ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸਨੂੰ ਫ੍ਰੈਂਚ ਵਿੱਚ ਜੁਇਨ, ਡੈਨਿਸ਼ ਵਿੱਚ ਜੂਨੀ ਅਤੇ ਸਪੈਨਿਸ਼ ਵਿੱਚ ਜੂਨਿਓ ਕਿਹਾ ਜਾਂਦਾ ਹੈ। ਉੱਤਰ ਵਿੱਚ, ਇਹ ਗਰਮੀ ਦਾ ਪਹਿਲਾ ਮਹੀਨਾ ਹੈ, ਦੱਖਣ ਵਿੱਚ ਦਸੰਬਰ ਦੇ ਸਮਾਨ। ਉੱਤਰ ਵਿੱਚ, ਸਾਲ ਦਾ ਸਭ ਤੋਂ ਲੰਬਾ ਦਿਨ, ਜਿਸਨੂੰ ਸਮਰ ਸੋਲਸਟਿਸ ਕਿਹਾ ਜਾਂਦਾ ਹੈ, 21 ਜੂਨ ਨੂੰ ਪੈਂਦਾ ਹੈ। ਉਸ ਦਿਨ ਵਿੱਚ ਵੱਧ ਤੋਂ ਵੱਧ ਦਿਨ ਦੇ ਪ੍ਰਕਾਸ਼ ਦੇ ਘੰਟੇ ਹੁੰਦੇ ਹਨ। ਪਰ ਇਹ ਦੱਖਣ ਵਿੱਚ ਵਿੰਟਰ ਸੋਲਸਟਾਈਸ ਹੈ, ਦਿਨ ਦੇ ਘੱਟ ਪ੍ਰਕਾਸ਼ ਘੰਟਿਆਂ ਵਾਲਾ ਦਿਨ। ਬਾਈਬਲ ਅਨੁਸਾਰ ਜੂਨ ਦਾ ਅਰਥ ਹੈ "ਪਰਮੇਸ਼ੁਰ ਕਿਰਪਾਲੂ ਹੈ"। ਕੈਨੇਡਾ ਵਿੱਚ, ਜੂਨ ਵਿੱਚ ਬਹੁਤ ਸਾਰੇ ਫੁੱਲ ਖਿੜਦੇ ਹਨ, ਜਿਨ੍ਹਾਂ ਵਿੱਚ ਮੈਗਨੋਲੀਆ, ਗੁਲਾਬ, ਪੋਪੀਜ਼, ਲਿਲੀਆਂ, ਘੜੇ ਵਰਗੇ ਪੌਦੇ ਅਤੇ ਗੁਲਾਬੀ ਆਰਕਿਡ ਆਮ ਹਨ।

ਇਹ ਮਹੀਨਾ ਪੰਜਾਬੀਆਂ (ਖਾਸ ਕਰਕੇ ਸਿੱਖਾਂ) ਲਈ ਮਹੱਤਵਪੂਰਨ ਹੈ ਕਿਉਂਕਿ 3 ਜੂਨ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਹੈ ਅਤੇ 15 ਜੂਨ ਗੁਰੂ ਹਰਿ ਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਹਾੜਾ ਹੈ। ਗੁਰਬਾਣੀ ਅਨੁਸਾਰ ਜੂਨ ਦਾ ਮਹੀਨਾ ਉਨ੍ਹਾਂ ਲਈ ਹੀ ਗਰਮ (ਬੇਚੈਨੀ ਵਾਲਾ) ਹੁੰਦਾ ਹੈ ਜਿਨ੍ਹਾਂ ਕੋਲ ਸਿਰਜਣਹਾਰ ਦੀ ਸੋਝੀ ਨਹੀਂ ਹੈ।

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨਾ ਪਾਸਿ**

॥ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 134॥

ਇਸ ਮਹੀਨੇ ਨਾਲ ਜੁੜੀਆਂ ਕੁਝ ਹੋਰ ਮਹੱਤਵਪੂਰਨ ਘਟਨਾਵਾਂ ਇਸ ਪ੍ਰਕਾਰ ਹਨ।

**1 ਜੂਨ (ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਬਾਲ ਦਿਵਸ)** ਬੱਚਿਆਂ ਦੇ ਅਧਿਕਾਰਾਂ (ਮਨੁੱਖੀ ਅਧਿਕਾਰ ਸੰਧੀ ਦੇ ਤਹਿਤ) 'ਤੇ ਕੇਂਦ੍ਰਤ ਕਰਦਾ ਹੈ, ਇਹ ਜ਼ੋਰ ਦੇ ਕੇ ਕਿ ਮਨੁੱਖਜਾਤੀ ਨੂੰ (ਉਨ੍ਹਾਂ ਕੋਲ ਜੋ ਕੁਛ ਸਭ ਤੋਂ ਵਧੀਆ ਹੈ) ਸਾਰੇ ਬੱਚਿਆਂ ਨੂੰ ਸਭ ਤੋਂ ਵਧ ਦੇਣਾ ਚਾਹੀਦਾ ਹੈ।

**4 ਜੂਨ (ਪਨੀਰ ਦਿਵਸ),** ਪਨੀਰ (ਜੋ ਲਗਭਗ 1500 ਕਿਸਮਾਂ ਵਾਲੇ ਹੁੰਦੇ ਹਨ) ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਹੈ, ਜੋ ਪ੍ਰੋਟੀਨ, ਕੈਲਸ਼ੀਅਮ, ਅਤੇ ਸਿਹਤਮੰਦ ਅੰਤੜੀਆਂ, ਹੱਡੀਆਂ ਅਤੇ ਦਿਲ ਲਈ ਚੰਗੇ ਪੌਸ਼ਟਿਕ ਤੱਤ ਦੇ ਭਰਪੂਰ ਸਰੋਤ ਹਨ।

**5 ਜੂਨ (ਸੰਯੁਕਤ ਰਾਸ਼ਟਰ ਵਿਸ਼ਵ ਵਾਤਾਵਰਣ ਦਿਵਸ)** 1974 ਤੋਂ ਵਾਤਾਵਰਣ ਨੂੰ ਵਿਨਾਸ਼ਕਾਰੀ ਕਾਰਣਾਂ, ਜਿਵੇਂ ਕਿ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ, ਵਧਦੀ ਮਨੁੱਖੀ ਅਬਾਦੀ, ਗਲੋਬਲ ਵਾਰਮਿੰਗ, ਅਤੇ ਜੰਗਲੀ ਜੀਵਾਂ ਵਿਰੁੱਧ ਅਪਰਾਧਾਂ, ਤੋਂ ਬਚਾਉਣ ਲਈ ਵਿਸ਼ਵ-ਵਿਆਪੀ ਕਾਰਵਾਈ ਕਰਨੀ ਹੈ।

**6 ਜੂਨ (ਨੀਲਾ ਤਾਰਾ ਦਿਵਸ)** ਉਸ ਦਿਨ ਨੂੰ ਯਾਦ ਕੀਤਾ ਜਾਂਦਾ ਹੈ ਜਦੋਂ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਭਾਰਤੀ ਫੌਜ ਵੱਲੋਂ ਹਮਲਾ ਕੀਤਾ ਗਿਆ ਸੀ ਅਤੇ ਹਜ਼ਾਰਾਂ ਬੇਕਸੂਰ ਸ਼ਰਧਾਲੂ ਮਾਰੇ ਗਏ ਸੀ।

**14 ਜੂਨ (ਅਲੋਇਸ ਅਲਜ਼ਾਈਮਰ ਦਾ ਜਨਮਦਿਨ)** ਮਨਾਇਆ ਜਾਂਦਾ ਹੈ ਜੋ ਜਰਮਨ ਮਨੋ-ਚਿਕਿਤਸਕ ਸੀ ਜਿਸਨੇ 1907 ਵਿੱਚ ਇੱਕ ਬਿਮਾਰੀ ਦੀ ਪਛਾਣ ਕੀਤੀ, ਜਿਸਦਾ ਨਾਮ ਉਸਦੇ ਨਾਮ ਉੱਤੇ ਰੱਖਿਆ ਗਿਆ। ਇਹ 40-60 ਸਾਲ ਦੀ ਉਮਰ ਵਿੱਚ, ਦਿਮਾਗ ਦੇ ਤੰਤੂ ਕੋਸ਼ਿਕਾਵਾਂ ਵਿੱਚ ਸ਼ੁਰੂ ਹੁੰਦਾ ਹੈ, ਜਿਸ ਨਾਲ ਯਾਦਦਾਸ਼ਤ ਅਤੇ ਮਾਨਸਿਕ ਸ਼ਕਤੀਆਂ ਦਾ ਨੁਕਸਾਨ ਹੁੰਦਾ ਹੈ।

**19 ਜੂਨ (ਫਾਦਰਜ਼ ਡੇ)** ਨੂੰ ਪਿਤਾ ਦੀ ਭੂਮਿਕਾ ਦੀ ਕਦਰ ਕਰਨ ਲਈ ਬਣਾਇਆ ਗਿਆ ਸੀ। ਇਸ ਦੀ ਸਥਾਪਨਾ 1910 ਵਿੱਚ, ਇੱਕ ਅਮਰੀਕੀ ਔਰਤ (ਸੋਨੋਰਾ ਸਮਾਰਟ ਡੋਡ), ਦੁਆਰਾ ਅੰਤਰਰਾਸ਼ਟਰੀ ਮਾਂ ਦਿਵਸ ਦੇ ਬਰਾਬਰ ਅਧਿਕਾਰਤ ਤੌਰ 'ਤੇ ਕੀਤਾ ਗਈ ਸੀ। ਇਹ ਦਿਨ ਸਾਰੀ ਦੁਨੀਆਂ ਵਿਚ ਜੂਨ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ।

## ਕੈਲਗਰੀ ਈ-ਦੀਵਾਨ

**(ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ)**


ਸੰਗਤ ਦੇ ਉਤਸ਼ਾਹ ਅਤੇ ਸਹਿਯੋਗ ਨਾਲ ਲਗਭਗ ਦੋ ਸਾਲਾਂ ਤੋਂ ਇਹ "ਔਨ-ਲਾਈਨ" ਪ੍ਰੋਗਰਾਮ ਨਿਰੰਤਰ ਚਲ ਰਿਹਾ ਹੈ। ਇਸ ਵਿਚ ਸੰਗਤ ਵਲੋਂ ਮਿਲ ਕੇ ਨਿੱਤਨੇਮ ਦੇ ਪਾਠ ਹੁੰਦੇ ਹਨ। ਹਰ ਰੋਜ਼ ਬੱਚੇ ਗੁਰਬਾਣੀ ਦਾ ਕੀਰਤਨ ਕਰਦੇ ਹਨ। ਉਪਰੰਤ ਅਰਦਾਸ ਕਰ ਕੇ ਗੁਰੂ ਸਾਹਿਬ ਦਾ ਹੁਕਮਨਾਮਾ ਸੁਣਾਇਆ ਜਾਂਦਾ ਹੈ। ਬਾਅਦ ਵਿਚ ਗਰਸ਼ਬਦ ਦੀ ਵਿਆਖਿਆ ਹੁੰਦੀ ਹੈ । ਹਫਤੇ ਵਿਚ ਇੱਕ ਵਾਰ ਗੁਰਮਤ ਦੇ ਕਿਸੇ ਵਿਸ਼ੇ ਤੇ ਵਿਦਵਾਨਾਂ ਦੇ ਲੈਕਚਰ ਕਰਵਾਏ ਜਾਂਦੇ ਹਨ।

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਸਰਦਾਰ ਜਗਬੀਰ ਸਿਘ ਕੋਹਲੀ ਅਤੇ ਸਰਦਾਰ ਪਰਮਜੀਤ ਸਿੰਘ** ਦੇ ਉਦੱਮ ਨਾਲ ਗੁਰਪੁਰਬਾਂ ਸਮੇ ਅੰਤਰ-ਰਾਸ਼ਟ੍ਰੀ ਕਵੀ ਦਰਬਾਰ ਕਰਾਏ ਜਾਂਦੇ ਹਨ ਤਾਕਿ ਸੰਗਤ, ਖਾਸ ਤੌਰ ਤੇ ਨੌਜਵਾਨ ਪੀੜ੍ਹੀ, ਸਾਡੇ ਮਾਣਮੱਤੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੀ ਰਹਿ ਸਕੇ। ਬੱਚਿਆਂ ਨੂੰ ਖਾਸ ਤੌਰ ਤੇ ਸਾਰੇ ਪ੍ਰੋਗਰਾਮਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ।




**ਸਰਦਾਰ ਪਰਮਜੀਤ ਸਿੰਘ ਅਤੇ ਬੱਚੀਆਂ ਕੀਰਤਨ ਕਰਦੇ ਹੋਏ**


ਈ ਦੀਵਾਨ ਸੁਸਾਇਟੀ(ਕੈਲਗਰੀ)
ਵਲੋਂ
ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ
ਇੰਟਰਨੈਸ਼ਨਲ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 23 ਅਪ੍ਰੈਲ
ਸ਼ਨੀਵਾਰ
ਮਾਧਿਅਮ
ZOOM APP
ਸਮਾਂ:
9 AM ਕੈਲਗਰੀ
8:30 PM ਇੰਡੀਆ
12 PM ਕੋਰੀਆ
11 AM ਟੋਰੰਟੋ
8 AM ਬੀ ਸੀ
ਪਹੁੰਚ ਰਹੇ ਕਵੀ ਸਹਿਬਾਨ
ਜਸਵੰਤ ਸਿੰਘ ਸੇਖੋਂ
ਮਨਜੀਤ ਕੌਰ ਅੰਬਾਲਵੀ
ਗੁਰਦਿਆਲ ਸਿੰਘ ਨਿਮਰ
ਸਰਬਜੀਤ ਕੌਰ ਸਰਬ
ਪਲਵਿੰਦਰ ਸਿੰਘ ਰੰਧਾਵਾ
ਪਰਮਿੰਦਰ ਸਿੰਘ ਅਲਬੇਲਾ
ਗੁਰਜੀਤ ਕੌਰ ਅਜਨਾਲਾ
ਅਮਨਬੀਰ ਸਿੰਘ ਧਾਮੀ
ਪਰਮਜੀਤ ਸਿੰਘ ਟੋਰੰਟੋ
ਸੁਜਾਨ ਸਿੰਘ ਸੁਜਾਨ
ਜ਼ੂਮ ਲਿੰਕ ਵੱਖਰਾ ਭੇਜਿਆ ਜਾਵੇਗਾ ਜੀ
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ


Neeraj Gill
Dr. S S Bhatti
Palwinder Singh Randhawa
Balraj Singh
Gurdial Singh Nimar
jagbir singh kohli
Simarleen Kaur
Birinder/Tajinder Madan
Sujan Singh Sujan
Gurdish Kaur Calgary
Kabal Singh
Anureet Bedi

# "ਖਾਲਸਾ ਸਾਜਨਾ ਦਿਵਸ" ਤੇ ਕਵੀ ਦਰਬਾਰ ਦਾ ਪ੍ਰੈਸ ਨੋਟ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਕੈਲਗਰੀ: ਈ-ਦੀਵਾਨ ਸੋਸਾਇਟੀ ਵਲੋਂ, 23 ਅਪ੍ਰੈਲ 2022 ਨੂੰ ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਇਆ ਗਿਆ- ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਇਹ ਕਵੀ ਦਰਬਾਰ ਕਰਾ ਕੇ, ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਸੰਸਥਾ ਨੇ ਵਿਸ਼ੇਸ਼ ਯੋਗਦਾਨ ਪਾਇਆ। ਸ਼ੁਰੂ ਵਿੱਚ, ਸੰਸਥਾ ਦੇ ਸੰਸਥਾਪਕ ਤੇ ਸੰਚਾਲਕ- ਡਾ. ਰਾਜਾ ਬਲਰਾਜ ਸਿੰਘ ਨੇ ਨਵੀਂ ਸੰਗਤ ਨੂੰ ਸਭਾ ਬਾਰੇ ਜਾਣਕਾਰੀ ਦਿੱਤੀ। ਵਿਦਵਾਨਾਂ ਵਲੋਂ, ਗੁਰਬਾਣੀ ਦੀ ਵਿਚਾਰਧਾਰਾ ਤੇ ਅਧਾਰਿਤ, ਵੱਖ ਵੱਖ ਵਿਸ਼ਿਆਂ ਤੇ ਲੈਕਚਰ ਕਰਵਾਏ ਜਾਂਦੇ ਹਨ, ਜੋ ਬਾਅਦ ਵਿੱਚ '**ਸੰਗਤੀ ਵਿਚਾਰ**' ਯੁਟਿਊਬ ਚੈਨਲ ਤੇ ਪਾ ਦਿੱਤੇ ਜਾਂਦੇ ਹਨ। ਸਮਾਗਮ ਦੀ ਸ਼ੁਰੂਆਤ ਟੋਰੰਟੋ ਤੋਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਸ਼ਬਦ ਨਾਲ ਕੀਤੀ। ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਦੀ ਸੇਵਾ ਸੰਭਾਲੀ। ਦੂਰ ਦੁਰਾਡੇ ਤੋਂ ਪਹੁੰਚੇ ਕਵੀਆਂ ਨੂੰ 'ਜੀ ਆਇਆਂ' ਕਿਹਾ ਅਤੇ ਕਵੀਆਂ ਦੀ ਜਾਣ ਪਛਾਣ ਕਰਾਉਂਦੇ ਹੋਏ, ਸਭ ਨੂੰ ਵਾਰੀ ਵਾਰੀ ਸੱਦਾ ਦਿੱਤਾ। ਪਹਿਲੇ ਮਨਜੀਤ ਕੌਰ ਅੰਬਾਲਵੀ ਜੀ ਨੇ, ਦਸ਼ਮੇਸ਼ ਪਿਤਾ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਕਵੀ ਦਰਬਾਰ ਵਿੱਚ ਹਾਜ਼ਰੀ ਭਰੀ ਅਤੇ ਅਜੋਕੇ ਸਮੇਂ ਦੇ ਸਿੱਖਾਂ ਵਿੱਚ ਆਈਆਂ ਊਣਤਾਈਆਂ ਦਾ, 'ਸਾਨੂੰ ਸਿੱਖ ਅਖਵਾਉਣਾ ਨਾ ਆਇਆ' ਕਵਿਤਾ ਵਿੱਚ ਜ਼ਿਕਰ ਕੀਤਾ। ਗੁਰਜੀਤ ਕੌਰ ਅਜਨਾਲਾ ਨੇ ਆਪਣੀ ਬੁਲੰਦ ਆਵਾਜ਼ ਵਿੱਚ, 'ਸਿੰਘੋ ਇੱਕ ਸੀਸ ਚਾਹੀਦਾ' ਗੀਤ ਗਾ ਕੇ, ਰੰਗ ਬੰਨ੍ਹ ਦਿੱਤਾ। ਸਾਊਥ ਕੋਰੀਆ ਤੋਂ ਅਮਨਬੀਰ ਸਿੰਘ ਧਾਮੀ ਨੇ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਨੂੰ ਬਿਆਨ ਕਰਦੀ ਭਾਵਪੂਰਤ ਕਵਿਤਾ ਨਾਲ ਹਾਜ਼ਰੀ ਲਵਾਈ। ਉਤਰਾਖੰਡ ਤੋਂ ਸਰਬਜੀਤ ਕੌਰ ਸਰਬ ਨੇ ਬੈਂਤ ਛੰਦ ਵਿੱਚ ਲਿਖੀ ਆਪਣੀ ਕਵਿਤਾ ਸੁਣਾ ਕੇ, 1699 ਦੀ ਵਿਸਾਖੀ ਨੂੰ ਯਾਦ ਕੀਤਾ। ਯਮੁਨਾਨਗਰ ਤੋਂ ਪੁੱਜੇ, ਉਸਤਾਦ ਪੰਥਕ ਸ਼ਾਇਰ ਗੁਰਦਿਆਲ ਸਿੰਘ ਨਿਮਰ ਜੀ ਨੇ ਆਪਣੀ ਬੇਹਤਰੀਨ ਰਚਨਾ- 'ਇੱਕ ਸੀਸ ਦੀ ਲੋੜ ਹੈ' ਰਾਹੀਂ, ਪੰਜ ਪਿਆਰਿਆਂ ਦੀ ਚੋਣ ਦਾ ਬਾਖੂਬੀ ਦ੍ਰਿਸ਼ ਵਰਨਣ ਕਰਕੇ, ਵਾਹਵਾ ਖੱਟੀ।

ਲੁਧਿਆਣਾ ਤੋਂ ਲੇਖਕ ਤੇ ਗਾਇਕ, ਪਰਮਿੰਦਰ ਸਿੰਘ ਅਲਬੇਲਾ ਨੇ ਆਪਣੀ ਖੂਬਸੂਰਤ ਆਵਾਜ਼ ਵਿੱਚ, 'ਕਲਗੀਧਰ ਜਿਹਾ ਪਰਉਪਕਾਰੀ, ਨਾ ਕੋਈ ਹੋਇਆ ਨਾ ਕੋਈ ਹੋਣਾ' ਸੁਣਾ ਕੇ ਮੁਗਧ ਕਰ ਦਿੱਤਾ। ਫਿਰ ਕੈਨੇਡਾ ਦੇ ਟੋਰੰਟੋ ਤੋਂ ਨਾਮਵਰ ਗੀਤਕਾਰ ਸੁਜਾਨ ਸਿੰਘ ਸੁਜਾਨ ਨੇ 'ਦਾਤ ਅਨੋਖੀ ਅੰਮ੍ਰਿਤ ਦੀ' ਗੀਤ ਗਾ ਕੇ, 'ਪਾਹੁਲ ਖੰਡੇ' ਦੀ ਦਾਤ ਦੀ ਅਲੌਕਿਕ ਸ਼ਕਤੀ ਦਾ ਵਰਨਣ ਕੀਤਾ। ਪਰਮਜੀਤ ਸਿੰਘ ਟੋਰੰਟੋ ਵਾਲਿਆਂ ਨੂੰ, ਆਪਣੇ ਮਾਤਾ ਜੀ ਦੇ ਅਫਸੋਸਨਾਕ ਅਕਾਲ ਚਲਾਣੇ ਕਾਰਨ ਇੰਡੀਆ ਜਾਣਾ ਪਿਆ ਅਤੇ ਉਹ ਕਵੀ ਦਰਬਾਰ ਵਿੱਚ ਹਾਜ਼ਰ ਨਹੀਂ ਹੋ ਸਕੇ। ਸਰੀ ਬੀ.ਸੀ. ਤੋਂ ਪਲਵਿੰਦਰ ਸਿੰਘ ਰੰਧਾਵਾ ਨੇ, ਖਾਲਸੇ ਤੇ ਲਿਖਿਆ ਗੀਤ- 'ਨਿਆਰਾ ਖਾਲਸਾ' ਸੁਰੀਲੀ ਆਵਾਜ਼ ਵਿੱਚ ਗਾ ਕੇ, ਸਮਾਂ ਬੰਨ੍ਹ ਦਿੱਤਾ। ਛੰਦਾਂ ਦੇ ਉਸਤਾਦ, ਕੈਲਗਰੀ ਨਿਵਾਸੀ ਜਸਵੰਤ ਸਿੰਘ ਸੇਖੋਂ ਨੇ ਵਿਸਾਖੀ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਦੇਣ ਉਪਰੰਤ, ਔੜਾ ਛੰਦ ਵਿੱਚ ਪੰਜ ਪਿਆਰਿਆਂ ਤੇ ਲਿਖੀ ਕਵੀਸ਼ਰੀ ਰਾਹੀਂ ਸਾਂਝ ਪਾਈ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਵੀ ਆਪਣੀ ਰਚਨਾ- 'ਆ ਨੀ ਵਿਸਾਖੀਏ' ਸੰਗਤ ਨਾਲ ਸਾਂਝੀ ਕੀਤੀ। ਸ. ਜਗਬੀਰ ਸਿੰਘ ਕੋਹਲੀ ਨੇ ਸੰਗਤ ਵਲੋਂ ਕਵੀ/ ਕਵਿੱਤਰੀਆਂ ਦਾ ਧੰਨਵਾਦ ਕੀਤਾ। ਅੰਤ ਤੇ ਸੰਗਤ ਵਿਚੋਂ ਜਸਬੀਰ ਕੌਰ ਗਿੱਲ ਨੇ ਪੰਜਾਬ ਦੀ ਹਾਲਤ ਬਾਰੇ ਕਵਿਤਾ ਪੜ੍ਹੀ। ਡਾ. ਸੁਰਜੀਤ ਸਿੰਘ ਭੱਟੀ ਨੇ, ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮਹੀਨਾਵਾਰ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ।

ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦੀ, ਜੈਕਾਰਿਆਂ ਦੀ ਗੂੰਜ ਵਿੱਚ ਸਮਾਪਤੀ ਤੇ ਟੋਰੰਟੋ ਤੋਂ ਪਰਨੀਤ ਕੌਰ ਤੇ ਸਿਮਰਲੀਨ ਕੌਰ ਨੇ ਸ਼ਬਦ ਦੀ ਹਾਜ਼ਰੀ ਭਰੀ ।ਕੈਲਗਰੀ ਤੋਂ ਬੱਚੇ-ਯੁਵਰਾਜ ਸਿੰਘ ਤੇ ਸਬੀਨਾ ਕੌਰ ਨੇ ਆਨੰਦ ਸਾਹਿਬ ਸਰਵਣ ਕਰਾਇਆ। ਉਪਰੰਤ ਅਰਦਾਸ ਕਰਕੇ ਹੁਕਮਨਾਮਾ ਲਿਆ ਗਿਆ। ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

# ਜੂਨ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ: ਹਰਸ਼ਿੰਦਰ ਕੌਰ**, ("ਭਾਰਤ ਦੀ ਸਟੀਲ ਵੂਮੈਨ") ਪਟਿਆਲਾ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਪੀਡੀਆਟ੍ਰਿਕਸ ਹਨ।ਲੈਕਚਰ ਦੇ ਕੇ ਮਾਦਾ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ।ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ (ਵਿਦਿਅਕ ਪਾਠਕ੍ਰਮ ਵਿੱਚ ਸ਼ਾਮਲ) ਲਿਖੇ ਹਨ।ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤਾ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸ੍ਰ: ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ (XEN) ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।'ਗੁਰਮਤਿ ਪ੍ਰਕਾਸ਼', 'ਗੁਰਮਤਿ ਗਿਆਨ', 'ਸਿੱਖ ਫ਼ੁਲਵਾੜੀ', ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ 'ਸਾਡਾ ਵਿਰਸਾ ਸਾਡਾ ਗੌਰਵ' ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। e-mail : ksnoor50@gmail.com.

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਧਾਰਮਿਕ ਅਤੇ ਸਮਾਜਿਕ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਉਨ੍ਹਾਂ ਨੂੰ ਸਤਿਕਾਰ ਦਿੱਤਾ ਗਿਆ। ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(e-mail : gurdish.grewal@gmail.com).

**ਪ੍ਰੋਫ਼ੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਤਿਆਰ ਕਰ ਕੇ, ਭਾਰਤ ਸਰਕਾਰ ਤੋਂ ਪ੍ਰਵਾਨਗੀ ਲਈ ਅਤੇ ਕਾਲਜ ਬਣਾਏ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚਡੀ ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca , e-mail : surjitsinghbhatti@gmail.com).

**ਡਾ. ਕਰਨਲ (ਸੇਵਾਮੁਕਤ) ਦਲਵਿੰਦਰ ਸਿੰਘ ਗਰੇਵਾਲ**, ਪੀ.ਐਚ.ਡੀ. (ਪ੍ਰਬੰਧਨ, ਅੰਗਰੇਜ਼ੀ, ਕੰਪਿਊਟਰ ਸਇੰਸ), ਇੱਕ ਸਿੱਖਿਆ ਸ਼ਾਸਤਰੀ, ਕਾਰਜਕਾਰੀ ਅਤੇ ਲੇਖਕ ਹਨ। ਉਹ (ਸਾਬਕਾ) ਡਾਇਰੈਲਟਰ-ਪ੍ਰਿੰਸੀਪਲ ਭਾਈ ਮਹਾਂ ਸਿੰਘ ਇੰਜਨੀਅਰਿੰਗ ਕਾਲਜ, ਮੁਕਤਸਰ, ਡੀਨ ਦੇਸ਼ ਭਗਤ ਯੂਨੀਵਰਸਿਟੀ, ਡਾਇਰੈਕਟਰ-ਪ੍ਰਿੰਸੀਪਲ, ਗੁਰੂ ਨਾਨਕ ਦੇਵ ਇੰਜੀ. ਕਾਲਜ, ਲੁਧਿਆਣਾ; ਸੰਸਥਾਪਕ ਪ੍ਰਿੰਸੀਪਲ ਸੀ.ਟੀ. ਕਾਲਜ ਆਫ਼ ਇੰਜੀ., ਜਲੰਧਰ; ਰਜਿਸਟਰਾਰ, SLIET Longowal, ਅਤੇ ਪ੍ਰਧਾਨ TRIDENT ਗਰੁੱਪ ਰਹਿ ਚੁਕੇ ਹਨ। 100 ਤੋਂ ਵੱਧ ਕਿਤਾਬਾਂ, 350 ਤੋਂ ਵੱਧ ਪੇਪਰ ਅਤੇ ਲੇਖ ਪ੍ਰਕਾਸ਼ਿਤ ਕੀਤੇ ਹਨ ਅਤੇ 18 ਪੀ.ਐਚ.ਡੀ./ ਐਮ.ਟੈਕ. ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕੀਤਾ ਹੈ। ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਸਨਮਾਨਿਤ ਕੀਤਾ ਗਿਆ ਹੈ। e-mail : dalvinder45@yahoo.co.in.

**ਡਾ: ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਡੀਨ ਕਾਲਜ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। e-mail : singhkabal285@gmail.com.

**ਡਾ: ਬਲਦੇਵ ਸਿੰਘ ਨੇ** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀ.ਐਚ.ਡੀ. ਅਲਬਰਟਾ ਯੂਨੀਵਰਸਿਟੀ ਤੋਂ ਕਰ ਕੇ (ਮਿੱਟੀ, ਪਾਣੀ, ਫਸਲਾਂ ਅਤੇ ਵਾਤਾਵਰਣ ਪ੍ਰਬੰਧਨ ਦੇ ਖੇਤਰਾਂ ਵਿਚ), 20 ਸਾਲਾਂ ਤੋਂ ਵਧ ਸਮਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਹੇ। ਉਨ੍ਹਾਂ ਨੂੰ ਕਾਮਨਵੈਲਥ ਵਜ਼ੀਫਾ ਅਤੇ I.C.A.R (India) ਦਾ ਟੀਮ ਰਿਸਰਚ ਅਵਾਰਡ ਦੇ ਮਨਮਾਨ ਵੀ ਮਿਲੇ। ਉਨ੍ਹਾਂ ਅਲਬਰਟਾ ਯੂਨੀਵਰਸਿਟੀ ਅਤੇ ਅਲਬਰਟਾ ਵਾਤਾਵਰਣ ਸੰਸਥਾ ਦੇ ਸਲਾਹਕਾਰ ਵਜੋਂ ਸੇਵਾ ਕੀਤੀ। e-mail: baldev3@yahoo.com.

**ਸ੍ਰੀਮਤੀ ਅੰਮ੍ਰਿਤਪਾਲ ਕੌਰ** ਨੇ ਐਮ.ਏ (ਅੰਗਰੇਜ਼ੀ), ਐਮ.ਏ (ਧਾਰਮਿਕ ਅਧਿਐਨ) ਅਤੇ ਐਮ.ਐੱਡ. ਡਿਗਰੀਆਂ ਪ੍ਰਾਪਤ ਕੀਤੀਆਂ ਅਤੇ ਅੰਗਰੇਜ਼ੀ ਵਿੱਚ ਲੈਕਚਰਾਰ ਵਜੋਂ ਕਈ ਸਾਲਾਂ ਤੱਕ ਕੰਮ ਕੀਤਾ। 1995 ਵਿੱਚ, ਉਨ੍ਹਾਂ ਨੇ ਆਲ-ਇੰਡੀਆ ਰੇਡੀਓ, ਜਲੰਧਰ ਦੁਆਰਾ ਪ੍ਰਸਾਰਿਤ ਪੰਜਾਬੀ ਪ੍ਰੋਗਰਾਮ "ਗੁਰਬਾਣੀ ਵਿਚਾਰ" ਪੇਸ਼ ਕਰਨਾ ਸ਼ੁਰੂ ਕੀਤਾ। 2014 ਵਿੱਚ, ਉਨ੍ਹਾਂ ਨੇ ਸਿੱਖ ਫਿਲਾਸਫੀ 'ਤੇ ਆਪਣੀ ਪਹਿਲੀ ਕਿਤਾਬ ਲਿਖੀ, ਇਸ ਤੋਂ ਬਾਅਦ ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ 'ਤੇ ਕਈ ਹੋਰ ਕਿਤਾਬਾਂ ਲਿਖੀਆਂ।

**ਡਾ: ਬਲਦੇਵ ਸਿੰਘ ਖਹਿਰਾ**, ਮਿੰਨੀ-ਕਹਾਣੀ ਦੇ ਚਰਚਿਤ ਹਸਤਾਖ਼ਰ,ਅੱਖਾਂ ਦੇ ਮਾਹਿਰ ਡਾਕਟਰ ਹਨ ਤੇ ਸਿਹਤ ਵਿਭਾਗ ਪੰਜਾਬ ਤੋਂ ਸੀਨੀਅਰ ਮੈਡੀਕਲ ਅਫਸਰ ਵਜੋਂ ਸੇਵਾਮੁਕਤ ਹੋਏ ਹਨ।ਆਪ ਦੀਆਂ ਮਿੰਨੀ ਕਹਾਣੀਆਂ ਪੰਜਾਬੀ ਦੇ ਪ੍ਰਸਿੱਧ ਅਖ਼ਬਾਰਾਂ, ਰਿਸਾਲਿਆਂ ਵਿੱਚ ਛਪਦੀਆਂ ਹਨ, ਲਿਪੀਅੰਤਰ ਹੋ ਕੇ ਸ਼ਾਹਮੁਖੀ ਤੇ ਅਨੁਵਾਦ ਹੋ ਕੇ ਹਿੰਦੀ, ਅੰਗਰੇਜ਼ੀ ਵਿੱਚ ਵੀ ਛਪ ਚੁੱਕੀਆਂ ਹਨ।ਆਪ ਦੇ ਚਾਰ ਮਿੰਨੀ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਹੋ ਚੁੱਕੇ ਹਨ। ਆਪ ਨੂੰ ਸਾਹਿਤਕ ਅਤੇ ਸਮਾਜਿਕ ਦੇਣ ਲਈ ਉਨ੍ਹਾਂ ਨੂੰ ਕਈ ਰਾਸ਼ਟ੍ਰੀ ਅਤੇ ਅੰਤਰ-ਰਾਸ਼ਟ੍ਰੀ ਸਨਮਾਨ ਦਿੱਤੇ ਗਏ ਹਨ।

**ਸ: ਓਂਕਾਰ ਸਿੰਘ ਟਿਵਾਣਾ** ਨੇ ਐਮ.ਟੈਕ. / ਐਮ.ਈ. ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਮਕੈਨੀਕਲ (ਪ੍ਰੋਡਕਸ਼ਨ) ਇੰਜੀਨੀਅਰਿੰਗ ਵਿੱਚ ਕੀਤੀ। ਕੁਝ ਸਾਲ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਨ ਤੋਂ ਬਾਅਦ ਉਹ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਦਾਖਲ ਹੋਏ। ਉਹ ਮਾਲਵਾ ਕਾਲਜ, ਫਰੀਦਕੋਟ ਵਿਖੇ ਮਕੈਨੀਕਲ ਅਤੇ ਆਟੋਮੋਬਾਈਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਸਨ। ਹੁਣ ਉਹ ਬਰੈਂਡਫੋਰਡ (ਓਨਟਾਰੀਓ) ਵਿਖੇ ਹਨ।

**ਸ਼੍ਰੀਮਤੀ ਰਾਜਵਿੰਦਰ ਕੌਰ ਵੜਿੰਗ** ਨੇ ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ (ਪੰਜਾਬ) ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਐਮ.ਏ (ਇਤਿਹਾਸ) ਅਤੇ ਐਮ.ਏ (ਅਰਥ ਸ਼ਾਸਤਰ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦੀ ਮੁੱਖ ਰੁਚੀ ਪੰਜਾਬੀ ਵਿੱਚ ਛੋਟੀਆਂ ਕਹਾਣੀਆਂ ਲਿਖਣ ਵਿੱਚ ਹੈ।

**ਸ੍ਰੀਮਤੀ ਰਿਪਨਜੋਤ ਕੌਰ ਬੱਗਾ ਸੋਨੀ** ਨੇ ਬੀ.ਐਸ.ਸੀ. ਮਹਿੰਦਰਾ ਕਾਲਜ ਤੋਂ ਐਮ.ਐਸ.ਸੀ. (ਜ਼ੂਆਲੋਜੀ), ਬੀ.ਐੱਡ. ਅਤੇ ਐਮ.ਐੱਡ. ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਕੀਤੀਆਂ ਹਨ। ਸਰਕਾਰੀ ਕਾਲਜ ਰੋਪੜ ਤੋਂ ਬਾਅਦ ਉਹ ਆਰਮੀ ਸਕੂਲਾਂ ਵਿੱਚ ਪੜ੍ਹਾ ਰਹੇ ਹਨ। '*ਸਰਦਾਰ ਦੀ ਪੱਗ*' ਉਨ੍ਹਾਂ ਦੀ ਪਹਿਲੀ ਕਹਾਣੀ ਦੀ ਕਿਤਾਬ ਹੈ।

**ਸ੍ਰੀਮਤੀ ਪ੍ਰੋਮਿਲਾ ਨਰੂਲਾ** ਨੇ ਆਪਣੀ ਗ੍ਰੈਜੂਏਸ਼ਨ ਭਾਰਤ ਤੋਂ ਕੀਤੀ। ਦੱਖਣੀ ਅਲਬਰਟਾ ਇੰਸਟੀਚਿਊਟ ਆਫ਼ ਟੈਕਨਾਲੋਜੀ (SAIT), ਕੈਲਗਰੀ ਤੋਂ ਮੈਡੀਕਲ ਲੈਬ ਅਸਿਸਟੈਂਟ (MLA) ਡਿਪਲੋਮਾ ਪਾਸ ਕੀਤਾ। ਬਾਅਦ ਵਿੱਚ, 2005 ਤੋਂ 2017 ਤੱਕ ਕੈਲਗਰੀ ਯੂਨੀਵਰਸਿਟੀ ਵਿੱਚ ਕੈਨੇਡੀਅਨ ਲੋਂਗਿਟੂਡੀਨਲ ਸਟੱਡੀ ਆਫ ਏਜਿੰਗ (CLSA) ਪ੍ਰੋਜੈਕਟ ਵਿਚ ਕੰਮ ਕੀਤਾ ਅਤੇ ਇਸ ਸਮੇਂ ਸੇਵਾਮੁਕਤ ਹਨ। ਗੁਰਮਤਿ ਸੰਗੀਤ ਅਤੇ ਲੇਖਣੀ ਉਨ੍ਹਾਂ ਦੀਆਂ ਮੁੱਖ ਰੁਚੀਆਂ ਹਨ।

**ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. (ਬਾਇਓ ਸਾਇੰਸਜ਼) ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਦੇ ਨਾਲ ਇੱਕ ਨੌਜਵਾਨ ਖੋਜਕਾਰ ਰਹੀ ਹੈ। ਉਹ "ਡਾਇਗਨੌਸਟਿਕਸ ਵਿੱਚ ਘਟਦੀ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ। ਇਹ ਉਸ ਦੀ ਅਗਵਾਈ ਵਾਲੀ ਪਹਿਲਕਦਮੀ ਹੈ ਜੋ ਔਰਤਾਂ ਦੀ ਸਿਹਤ ਅਤੇ ਉਹਨਾਂ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਇੱਕ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਇਸ ਬੀਮਾਰੀ ਦਾ ਸਾਹਮਣਾ ਕਰ ਰਹੇ ਇੱਕ ਭਾਈਚਾਰੇ ਦੀ ਅਗਵਾਈ ਕੀਤੀ।

# <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ਕਵਿਤਾਵਾਂ (ਹੀ) ਛਾਪਣਾ।
2. **ਪ੍ਰਕਾਸ਼ਨ**: ਸੰਪਾਦਕੀ ਬੋਰਡ ਦੁਆਰਾ ਸਮੀਖਿਆ ਦੇ ਅਧੀਨ (ਨੀਤੀ ਅਨੁਸਾਰ) ਹੀ ਹੋਵੇਗਾ।
3. **ਸੰਪਾਦਕੀ ਬੋਰਡ**: ਲੇਖਕਾਂ/ਕਵੀਆਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।ਇਸ ਦੀ ਪੂਰੀ **ਜ਼ਿਮੇਵਾਰੀ ਕੇਵਲ ਲੇਖਕਾਂ/ਕਵੀਆਂ ਦੀ ਆਪਣੀ ਹੀ ਹੋਵੇਗੀ।**
4. **ਟਾਈਪਿੰਗ ਫਾਰਮੈਟ**: ਲਿਖਤ ਪੰਜਾਬੀ ਵਿੱਚ ਸਿੰਗਲ ਕਾਲਮ (ਸਧਾਰਨ) ਅਨਮੋਲ ਲਿਪੀ ਵਿਚ ਹੋਵੇ। ਪ੍ਰਿੰਟ-ਸਕ੍ਰੀਨ, ਫੋਟੋਕਾਪੀਆਂ ਅਤੇ ਸਨਿੱਪ-ਟੂਲ ਸਵੀਕਾਰਯੋਗ ਨਹੀਂ ਹੋਣਗੇ।
5. **ਅੰਗਰੇਜ਼ੀ ਸ਼ਬਦ**: ਟਾਈਮਜ਼ ਨਿਊ ਰੋਮਨ, ਫੌਂਟ ਦਾ ਆਕਾਰ (14, ਪਰ ਬੋਲਡ ਨਹੀਂ) ਹੋਣ।
6. **ਲਾਈਨ ਸਪੇਸਿੰਗ**: ਸਿਰਫ਼ ਲੈਪਟੌਪ ਅਨੁਸਾਰ ਸਿੰਗਲ (1.0) ਸਪੇਸਿੰਗ।
7. **ਹਾਸ਼ੀਏ**: ਦੋਵੇਂ ਪਾਸੇ, ਉੱਪਰ ਅਤੇ ਹੇਠਾਂ: ਇੱਕ ਇੰਚ ਹੋਵੇ (ਜੋ ਆਮ ਹੁੰਦਾ ਹੈ)।
8. **ਲਿਖਤ ਦੀ ਹੈਡਿੰਗ**: ਫੌਂਟ ਸਾਈਜ਼ (14, ਬੋਲਡ), ਪੰਜਾਬੀ ਵਿੱਚ, (ਸਧਾਰਨ) ਅਨਮੋਲ ਲਿਪੀ।
9. **ਲੇਖਕ ਦਾ ਨਾਮ**: ਫੌਂਟ ਸਾਈਜ਼ (14, ਬੋਲਡ ਨਹੀਂ); ਅੱਗੇ ਸ਼ਹਿਰ ਦਾ ਨਾਮ ਅਤੇ (ਦੇਸ਼)।
10. **ਲੇਖਕ ਦੇ ਵਿਕਲਪ**: ਲੇਖਕ/ਕਵੀ ਸ਼ੁਰੂ ਵਿਚ ਆਪਣੇ ਨਾਮ ਦੇ ਹੇਠਾਂ (ਜੇ ਚਾਹੁਣ ਤਾਂ) ਆਪਣੀ ਫੋਟੋ, ਫ਼ੋਨ ਨੰਬਰ, ਈ-ਮੇਲ, ਵੱਟਸਐਪ ਦੇ ਸਕਦੇ ਹਨ (ਪਰ ਇਹ ਜ਼ਰੂਰੀ ਨਹੀਂ ਹੈ)।
11. **ਜਾਣ-ਪਛਾਣ ਲਈ:** ਸੰਖੇਪ (4 ਲਾਈਨਾਂ ਵਿਚ) ਆਪਣੇ ਬਾਰੇ ਜਾਣਕਾਰੀ ਦਿਓ ਜੀ।
12. **ਲੇਖ/ਕਵਿਤਾ**: ਸਿਰਫ ਈਮੇਲ ਦੁਆਰਾ ਲੈਪਟੌਪ ਤੋਂ ਹੀ ਭੇਜੋ, ਮੋਬਾਈਲ ਤੋਂ ਨਹੀਂ ।
13. **ਲਿਖਤ ਦੀ ਲੰਬਾਈ**: ਲੈਪਟਾਪ ਦੇ ਉਪੱਰ ਦੱਸੇ ਫਾਰਮੈਟ ਵਿੱਚ ਵੱਧ ਤੋਂ ਵੱਧ ਦੋ ਪੰਨੇ (450 ਸ਼ਬਦਾਂ ਤਕ ਇਕ ਸਫੇ ਉਤੇ)। (ਫੋਟੋ ਸਪੇਸ ਸਮੇਤ, ਜੇ ਲੇਖਕ ਨੇ ਫੋਟੋ ਲਾਉਣੀ ਹੈ ਤਾਂ)।
14. **ਲੰਬੇ ਲੇਖ**: ਵੈੱਬਸਾਈਟ (sanjihivrasat.org) ਦੇ ਬਲੌਗ (Blog) 'ਤੇ ਪਾ ਦਿੱਤੇ ਜਾਣਗੇ।
15. **ਮੌਲਿਕਤਾ**: ਲੇਖਕ ਲਿਖ ਭੇਜਣ ਕਿ ਕਾਪੀਰਾਈਟ ਉਲੰਘਣਾ (Copyright Infringement) ਨਹੀਂ ਹੋਈ ਹੈ। ਇਹ ਲੇਖ/ਕਵਿਤਾ ਵਾਲੀ ਈਮੇਲ ਦੇ ਨਾਲ ਹੀ ਹੋਣੀ ਜ਼ਰੂਰੀ ਹੈ।
16. **ਹਵਾਲੇ** (References): ਲੇਖ ਦਾ ਟਾਈਟਲ, ਮੂਲ ਲੇਖਕ ਅਤੇ ਜਰਨਲ/ਕਿਤਾਬ ਦਾ ਨਾਮ ਤੇ ਸਾਲ ਦਿਓ। ਗੁਰਬਾਣੀ ਦਾ ਸਰੋਤ ਤੇ ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਲਿਖਣਾ ਜ਼ਰੂਰੀ ਹੈ।


## Important Information for Authors

1. Magazine Policy :To Promote Punjabi Culture, History & Heritage using Secular, Non-Political, Non-Personal Articles/Poems.
2. Publication : Subject to Review by an Editorial Board (as per policy).
3. Editorial Board : Will not be responsible for the views of Authors /Poets.
4. Typing Format : Single column in Panjabi (Simple) Anmol Lipi, 12 font. (Print-screen, Photocopy and Snip-tool not Acceptable)
5. English words : Times New Roman, Font size (14, not bold).
6. Line Spacing : Single Spacing (1.0) on Laptop.
7. Margins : Both Sides, Above and Below: One Inch (is normal)
8. Article Heading : Font size (14, bold), in Panjabi, (Simple) Anmol Lipi.
9. Author's Name : Font Size (14, not bold); and Name of city (Country).
10. Author's Options : May (or may not) give his/her Photo, Phone, e-mail, Or WhatsApp Address for publication
11. Introduction : of the Author may be given in brief (4 lines)
12. Authors' mail : Authors should send their Articles/Poems by e-mail only.
13. Maximum Length : Two pages (900 words) in WORD format of Laptop. (Including Photo space if Author has opted for it).
14. Longer Articles : To be placed on BLOG on Website *(sanjhivirasat.org)*.
15. Originality : Authors will certify there is No Copyright Infringement.
16. References : Articles (Author, Title, Journal/Book, Year), Gurbani (Source, page), Photo (Acknowledgement) required.


## ਸੰਪਾਦਕੀ ਮੰਡਲ



ਡਾ. ਰਾਜਾ ਬਲਰਾਜ ਸਿੰਘ




ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿਸੀਪਲ ਮਨਮੋਹਨ ਕੌਰ



ਡਾ. ਰਾਜਬੀਰ ਸਿੰਘ ਭੱਟੀ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ